# ਧਰਮ ਪ੍ਰਚਾਰ
## ਭਾਗ-1

ਕਿਸੇ ਖਿਆਲ, ਕਲਪਨਾ ਜਾਂ ਗਿਆਨ ਨੂੰ ਲੋਕਾਂ ਤਾਈਂ ਪਹੁੰਚਾਉਣਾ ਅਤੇ ਉਨ੍ਹਾਂ ਦੇ ਮਨਾਂ ਤੇ ਅਸਰ ਪਾ ਕੇ ਕਿਸੇ ਖਾਸ ਨਿਸਚੇ ਜਾਂ ਗਿਆਨ ਵੱਲ ਪ੍ਰੇਰਨ ਜਾਂ ਕਾਇਲ ਕਰਨ ਨੂੰ ਪ੍ਰਚਾਰ ਕਹਿੰਦੇ ਹਨ।

ਅੱਜ-ਕੱਲ ਪ੍ਰਚਾਰ ਕਰਨ ਦੇ ਕਈ ਸਾਧਨ ਵਰਤੇ ਜਾਂਦੇ ਹਨ —

1. ਸਰੀਰਕ ਸਾਧਨ — ਜਿਸ ਤਰ੍ਹਾਂ ਕਿ ਇਕੱਠੇ ਹੋ ਕੇ ਸਤਿਸੰਗ ਕਰਨਾ, ਕੀਰਤਨ, ਕਥਾ, ਲੈਕਚਰ, ਪਾਠ, ਪੂਜਾ ਤੇ ਹੋਰ ਅਨੇਕਾਂ ਕਰਮ-ਕਾਂਡਾਂ ਦੁਆਰਾ ਪ੍ਰਚਾਰ ਕਰਨਾ।

2. ਮਾਨਸਿਕ ਸਾਧਨ — ਧਾਰਮਿਕ ਨਿਸਚਿਆਂ ਦਾ ਗਿਆਨ ਜਾਂ ਲਿਖਤੀ ਪ੍ਰਚਾਰ ਕਰਨਾ, ਜਿਸ ਤਰ੍ਹਾਂ ਕਿ ਧਾਰਮਿਕ ਗ੍ਰੰਥਾਂ, ਕਿਤਾਬਾਂ ਜਾਂ ਲੇਖਾਂ ਦੁਆਰਾ।

3. ਵਿਗਿਆਨਕ ਸਾਧਨ — ਰੇਡੀਓ, ਟੀ.ਵੀ., ਟੇਪ ਰਿਕਾਰਡਰ ਆਦਿ ਸਾਧਨਾਂ ਰਾਹੀਂ ਕਥਾ-ਕੀਰਤਨ ਦੁਆਰਾ ਪ੍ਰਚਾਰ ਕਰਨਾ।

4. ਸ਼ਖਸੀਅਤ ਅਤੇ ਵਾਤਾਵਰਣ ਦੇ ਪ੍ਰਭਾਵ ਰਾਹੀਂ ਪ੍ਰਚਾਰ — ਇਹ ਅਣਡਿੱਠ ਤਰੀਕੇ ਨਾਲ ਅਛੋਪ ਹੀ ਸਹਿਜ-ਸੁਭਾਇ ਅਤਿ ਡੂੰਘੇ ਅਸਰਦਾਇਕ ਪ੍ਰਚਾਰ ਦਾ ਸਾਧਨ ਹੈ।

ਪਹਿਲੇ ਤਿੰਨੇ ਪ੍ਰਚਾਰ ਦੇ ਸਾਧਨ ਅਸਥੂਲ ਦੁਨੀਆਂ ਜਾਂ 'ਤ੍ਰੈ-ਗੁਣਾਂ' ਦੇ ਸਾਧਨ ਹਨ ਅਤੇ ਇਨ੍ਹਾਂ ਦਾ ਅਸਰ ਸਾਡੇ ਮਨ ਅਤੇ ਬੁੱਧੀ ਦੇ ਦਾਇਰੇ ਤਾਈਂ ਸੀਮਤ ਹੈ, ਜੋ ਕਿ ਬਦਲਿਆ ਜਾ ਸਕਦਾ ਹੈ।

ਅਸੀਂ ਆਪੋ-ਆਪਣੀ ਮਾਨਸਿਕ, ਦਿਮਾਗੀ ਜਾਂ ਸੰਸਕਾਰਾਂ ਦੀ ਬਨਾਵਟ ਜਾਂ ਰੰਗਤ ਅਨੁਸਾਰ ਅਸਰ ਦਿੰਦੇ ਤੇ ਲੈਂਦੇ ਹਾਂ। ਹਰ ਇਕ ਇਨਸਾਨ ਦੀ ਮਾਨਸਿਕ ਅਤੇ ਦਿਮਾਗੀ ਬਨਾਵਟ ਉਸ ਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਅਤੇ ਇਸ ਜਨਮ ਦੇ ਬਾਹਰਲੇ ਗ੍ਰਹਿਣ ਕੀਤੇ ਹੋਏ ਅਸਰਾਂ ਦਾ ਨਿਚੋੜ ਹੈ। ਇਸ ਲਈ ਹਰ ਇਕ ਜੀਵ ਦੇ ਧਾਰਮਿਕ ਗਿਆਨ ਜਾਂ ਨਿਸਚਿਆਂ ਵਿਚ ਵਿਲੱਖਣਤਾ ਹੁੰਦੀ ਹੈ ਅਤੇ ਇਕ-ਦੂਸਰੇ ਨਾਲ ਨਹੀਂ ਮਿਲਦੇ। ਇਹੀ ਕਾਰਣ ਹੈ ਕਿ ਇਕ ਪ੍ਰਵਾਰ ਦੇ ਜਿਤਨੇ ਮੈਂਬਰ ਹੋਣ, ਉਨ੍ਹਾਂ ਦੇ ਨਿਸਚਿਆਂ ਵਿਚ ਭਿੰਨ-ਭੇਦ ਜਾਂ ਅੰਤਰ ਹੁੰਦਾ ਹੈ। ਇਹ ਧਾਰਮਿਕ ਭਿੰਨਤਾ ਸਾਡੇ ਧਾਰਮਿਕ ਅਸਥਾਨਾਂ,

ਆਗੂਆਂ ਅਤੇ ਪ੍ਰਚਾਰਕਾਂ ਵਿਚ ਵੀ ਪ੍ਰਚੱਲਤ ਹੈ ਅਤੇ ਇਸ ਦੇ ਨਤੀਜੇ ਵਜੋਂ ਹਰ ਧਰਮ ਵਿਚ ਕਈ ਫਿਰਕੇ ਬਣੇ ਹੋਏ ਹਨ। ਇਹ ਭਿੰਨ-ਭਿੰਨ ਫਿਰਕੇ ਆਪੋ-ਆਪਣੇ ਨਿਸਚਿਆਂ ਅਨੁਸਾਰ ਪ੍ਰਚਾਰ ਕਰਦੇ ਹਨ। ਇਨ੍ਹਾਂ ਨਿਸਚਿਆਂ ਜਾਂ ਮਰਿਆਦਾ ਦੇ ਆਧਾਰ ਤੇ ਇਨ੍ਹਾਂ ਫਿਰਕਿਆਂ ਵਿਚ ਆਮ ਤੌਰ ਤੇ ਖਿਆਲਾਂ ਦਾ ਟਾਕਰਾ ਅਥਵਾ ਵਾਦ-ਵਿਵਾਦ ਹੁੰਦਾ ਰਹਿੰਦਾ ਹੈ। ਇਸ ਕਾਰਣ ਤਅੱਸੁਬ, ਨਫਰਤ, ਊਚ-ਨੀਚ, ਤੇ ਵੈਰ-ਵਿਰੋਧ ਵੱਧਦੇ ਜਾਂਦੇ ਹਨ। ਇਸ ਤਰ੍ਹਾਂ ਦੇ ਵਿਰੋਧੀ ਅੰਸ਼ਾਂ ਨੂੰ ਤੱਕ ਕੇ ਆਮ ਜਨਤਾ ਨੂੰ ਧਰਮ ਬਾਬਤ ਕਈ ਭੁਲੇਖੇ ਅਥਵਾ ਸ਼ੰਕੇ ਪੈ ਜਾਂਦੇ ਹਨ, ਜਿਸ ਕਾਰਣ ਆਮ ਜਨਤਾ ਦਾ ਧਰਮ ਵੱਲੋਂ ਵਿਸ਼ਵਾਸ ਡੋਲ ਜਾਂਦਾ ਹੈ।

ਪਹਿਲਾਂ ਨਾਲੋਂ ਧਰਮ ਅਸਥਾਨਾਂ, ਧਾਰਮਿਕ ਕਰਮ-ਕ੍ਰਿਆ ਅਤੇ ਧਰਮ-ਪ੍ਰਚਾਰ ਦੀ ਬਹੁਲਤਾ ਦੇ ਬਾਵਜੂਦ ਆਮ ਜਨਤਾ ਦੀ ਧਰਮ ਵੱਲ ਰੁਚੀ ਵਧਣ ਦੀ ਬਜਾਏ ਹਰ ਪਾਸਿਉਂ ਗਿਰਾਵਟ ਜਾਂ ਢਹਿੰਦੀਆਂ ਕਲਾਂ ਵਲ ਜਾ ਰਹੀ ਹੈ।

ਸਿੱਖ ਜਨਤਾ ਧਰਮ ਵੱਲੋਂ ਬੇਮੁਖ ਹੋ ਕੇ ਕੇਸਾਂ ਦੀ ਬੇਅਦਬੀ ਕਰ ਰਹੀ ਹੈ। ਇਹ ਧਾਰਮਿਕ ਬੀਮਾਰੀ ਫੌਜ, ਪੁਲਿਸ ਤੇ ਡਰਾਈਵਿੰਗ ਮਹਿਕਮੇ ਅਤੇ ਹੋਰ ਕਈ ਸ਼੍ਰੇਣੀਆਂ ਵਿਚ ਫੈਲ ਰਹੀ ਹੈ। ਪਰਦੇਸਾਂ ਵਿਚ ਤਾਂ ਕੇਸਾਂ ਦੀ ਮਹੱਤਤਾ ਉਕਾ ਹੀ ਨਹੀਂ ਰਹੀ, ਉਥੇ ਕਿਸੇ ਟਾਵੇਂ-ਟਾਵੇਂ ਪੁਰਾਣੇ ਸਿੱਖਾਂ ਦੇ ਕੇਸ ਹੀ ਨਜ਼ਰ ਆ ਰਹੇ ਹਨ। ਨਵੀਂ ਪੀੜ੍ਹੀ ਤਾਂ ਉੱਕਾ ਹੀ ਕੇਸਾਂ ਨੂੰ ਤਿਲਾਂਜਲੀ ਦੇ ਚੁੱਕੀ ਹੈ ਅਤੇ ਸਿੱਖੀ ਜੀਵਨ ਤੇ ਬਾਣੀ ਵਲੋਂ ਕੋਰੀ ਹੀ ਨਹੀਂ ਬਲਕਿ ਮਖੌਲ ਕਰਨ ਲਗ ਪਈ ਹੈ। ਇਸ ਵਿਚ ਜਨਤਾ ਦਾ ਕਸੂਰ ਨਹੀਂ, ਸਿਰਫ਼ ਸਾਡੇ ਧਾਰਮਿਕ ਆਗੂਆਂ ਦੀ ਅਣਗਹਿਲੀ ਅਤੇ ਸਹੀ ਧਾਰਮਿਕ ਪ੍ਰਚਾਰ ਦੀ ਘਾਟ ਹੈ।

ਸਾਡੇ ਧਾਰਮਿਕ ਅਸਥਾਨ ਗੁਰਦੁਆਰੇ ਸਹੀ ਅਰਥਾਂ ਵਿਚ ਗੁਰਬਾਣੀ ਦੇ ਪ੍ਰਚਾਰ ਦਾ ਕੇਂਦਰ ਹੋਣ ਦੀ ਬਜਾਏ ਨਿਜੀ ਵੈਰ-ਵਿਰੋਧ ਅਤੇ ਧੜੇਬੰਦੀਆਂ ਦੇ ਕੇਂਦਰ ਬਣ ਗਏ ਹਨ। ਇਥੇ ਨਿਜੀ ਸੁਆਰਥ ਦੀ ਪੂਰਤੀ ਲਈ ਧਾਰਮਿਕ ਕਰਮ-ਕ੍ਰਿਆ ਹੀ ਪ੍ਰਚਲਤ ਹਨ ਅਤੇ ਮਾਇਕੀ ਸੁਆਰਥੀ ਅਤੇ ਤਜਾਰਤੀ ਰੁਚੀ (Financial motive and commercialism) ਹੀ ਹਰ ਪਹਿਲੂ ਵਿਚ ਪ੍ਰਧਾਨ ਹੈ।

ਆਪਣੇ ਨਿਕੇ-ਨਿਕੇ ਨਿਜੀ ਸੁਆਰਥਾਂ ਲਈ ਗੁਰਬਾਣੀ ਨੂੰ ਵਰਤ ਕੇ ਅਸੀਂ ਇਸ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਜਿਸ ਕਾਰਣ ਸਾਡੇ ਦਿਲਾਂ ਵਿਚ ਇਲਾਹੀ ਗੁਰਬਾਣੀ ਦੀ ਊਚਮ-ਊਚੀ ਅਤੇ ਸੂਚਮ-ਸੂਚੀ ਕਦਰ ਤੇ ਕੀਮਤ ਨਹੀਂ ਰਹੀ। ਇਥੋਂ ਤਕ ਕਿ ਇਸ ਨੂੰ ਸਮਝਣ ਤੇ ਕਮਾਉਣ ਦੀ ਲੋੜ ਹੀ ਨਹੀਂ ਜਾਪਦੀ। ਗੁਰਸਿੱਖੀ ਦੇ ਹਿਤਕਾਰੀਆਂ ਅਤੇ ਸਿੱਖੀ ਜੀਵਨ ਦੇ ਉਸਾਰੂਆਂ ਦੇ ਧਿਆਨ ਗੋਚਰੇ ਹੇਠ ਲਿਖੇ ਕੁਝ ਵਿਚਾਰ ਪੇਸ਼ ਕੀਤੇ ਜਾਂਦੇ ਹਨ—

1. ਸਭ ਤੋਂ ਪਹਿਲਾਂ ਇਸ ਹਿਰਦੇ-ਵੇਧਕ ਧਾਰਮਿਕ ਅਧੋਗਤੀ ਦੇ ਕਾਰਨਾਂ ਬਾਰੇ

ਦੀਰਘ ਵਿਚਾਰ ਨਾਲ ਖੋਜ ਕਰਨ ਦੀ ਲੋੜ ਹੈ।

2. 'ਯਥਾ ਰਾਜਾ ਤਥਾ ਪਰਜਾ' ਦੇ ਕਥਨ ਅਨੁਸਾਰ, ਕਿਸੇ ਧਰਮ ਦੀ ਮਹੱਤਤਾ, ਉਚਾਈ, ਪ੍ਰਕਾਸ਼ ਜਾਂ ਪ੍ਰਚਾਰ ਉਸ ਧਰਮ ਦੇ ਮੋਢੀਆਂ, ਆਗੂਆਂ ਅਤੇ ਪ੍ਰਚਾਰਕਾਂ ਤੇ ਨਿਰਭਰ ਹੈ।

ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਧਰਮ ਪ੍ਰਚਾਰ ਦੀ ਅਗਵਾਈ ਕਰਣ ਵਾਲੇ ਬਹੁਤੇ ਆਗੂ ਖੁਦ ਹੀ ਗੁਰਬਾਣੀ ਦੇ 'ਅਨੁਭਵੀ ਗਿਆਨ' ਤੋਂ ਅਣਜਾਣ ਹੋਣ ਕਾਰਣ, ਗੁਰਬਾਣੀ ਜਾਂ ਗੁਰਸਿੱਖੀ ਨੂੰ ਫੋਕੇ ਜਾਂ ਅਧੂਰੇ ਦਿਮਾਗੀ ਗਿਆਨ ਦੁਆਰਾ ਹੀ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਕਰਮ-ਕਾਂਡਾਂ ਵਿਚ ਹੀ ਫਸਾਈ ਰਖਦੇ ਹਨ।

ਗੁਰਬਾਣੀ ਸਿੱਖਾਂ ਦਾ ਇਸ਼ਟ ਹੀ ਨਹੀਂ ਬਲਕਿ ਗੁਰਸਿੱਖੀ ਦਾ 'ਜੀਵਨ-ਆਧਾਰ' ਹੈ। ਇਸ ਵਿਚ 'ਬ੍ਰਹਮ ਗਿਆਨ', ਨਾਮ ਛੁਪਿਆ ਹੋਇਆ ਹੈ, ਜਿਸ ਨੂੰ ਗੁਰਸਿੱਖਾਂ ਨੇ ਖੋਜ ਕੇ ਆਪਣੇ ਲਈ ਹੀ ਨਹੀਂ, ਬਲਕਿ ਸਾਰੇ ਜਗਤ ਨੂੰ ਹੀ ਇਸ ਦਾ 'ਚਾਨਣ' ਪੇਸ਼ ਕਰਨਾ ਹੈ। ਪਰ ਸਾਡਾ ਗੁਰਬਾਣੀ ਨਾਲ ਸੰਬੰਧ ਸਿਰਫ਼ ਪਾਠ-ਪੂਜਾ ਤੀਕ ਸੀਮਤ ਹੈ। ਲੋੜ ਇਸ ਗੱਲ ਦੀ ਹੈ, ਕਿ ਗੁਰਬਾਣੀ ਵਿਚ ਛੁਪੇ ਹੋਏ 'ਨਾਮ', 'ਸਬਦ', 'ਅੰਮ੍ਰਿਤ', ਆਤਮਿਕ ਪ੍ਰਕਾਸ਼ ਦੇ ਹੀਰੇ, ਰਤਨ, ਜਵਾਹਰ, ਮਾਣਿਕ ਦੀ 'ਖੋਜ' ਕਰਕੇ, ਆਪਣਾ ਜੀਵਨ 'ਨਾਮ-ਰੌਂ' ਵਿਚ ਢਾਲੀਏ, ਤੇ ਜਨਤਾ ਨੂੰ ਇਸ ਇਲਾਹੀ 'ਨਾਮ-ਰੌਸ਼ਨੀ' ਦੀ ਪ੍ਰੇਰਨਾ ਦੇਈਏ।

ਅਸੀਂ ਗੁਰਬਾਣੀ ਨੂੰ ਵਿਚਾਰ ਕੇ, ਕਮਾ ਕੇ, ਇਸ ਵਿਚ ਅੰਤਰ-ਆਤਮੇ ਚੁੱਭੀਆਂ ਲਾ ਕੇ, ਇਸ ਦੀਆਂ ਡੂੰਘਿਆਈਆਂ ਵਿਚੋਂ ਹੀਰੇ, ਰਤਨ, ਜਵਾਹਰ, ਮਾਣਿਕ ਖੋਜਣੇ ਹਨ।

'ਗੁਰਬਾਣੀ ਵਿਚਾਰ' ਸੰਬੰਧੀ ਵੀ ਅਸੀਂ ਭੁਲੇਖੇ ਪਾਈ ਬੈਠੇ ਹਾਂ। ਗੁਰਬਾਣੀ ਦੀ ਵਿਚਾਰ ਕਈ ਪੱਧਰਾਂ ਤੇ ਕੀਤੀ ਜਾਂਦੀ ਹੈ, ਜਿਹਾ ਕਿ — ਅੱਖਰੀ ਅਰਥਾਂ, ਭਾਵ ਅਰਥਾਂ, ਅੰਤਰੀਵ ਅਰਥਾਂ ਅਤੇ ਅਨੁਭਵੀ ਗਿਆਨ। ਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਵਿਚਾਰ ਨੂੰ ਇਉਂ ਦਰਸਾਉਂਦੀਆਂ ਹਨ —

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥ (ਪੰਨਾ-935)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ-982)

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ॥ (ਪੰਨਾ-797)

ਸਾਡੀ ਬੁੱਧੀ ਦੀ ਸ਼ਕਤੀ ਤਾਂ ਅੱਖਰੀ ਅਰਥ ਜਾਂ ਭਾਵ-ਅਰਥ ਕਰਨ ਤੀਕ ਸੀਮਤ ਹੈ। ਅਨੁਭਵੀ ਅਰਥ ਜਾਂ 'ਅਨੁਭਵੀ ਪ੍ਰਕਾਸ਼ ਤਾਂ ਸਾਡੀ ਬੁੱਧੀ ਦੀ ਸਮਝ ਅਤੇ ਪਕੜ ਤੋਂ ਪਰੇ ਹੈ। ਇਸੇ ਲਈ ਅਸੀਂ ਗੁਰਬਾਣੀ ਦਾ ਪੂਰਾ-ਪੂਰਾ ਆਤਮਿਕ ਲਾਭ ਨਹੀਂ ਲੈ

ਰਹੇ। ਦੂਸਰੇ ਲਫਜ਼ਾਂ ਵਿਚ, ਅਸੀਂ ਸਿਰਫ ਅੱਖਰਾਂ ਵਿਚ ਹੀ ਫਸੇ ਹੋਏ ਹਾਂ ਅਤੇ ਇਨ੍ਹਾਂ ਅੱਖਰਾਂ ਦੇ ਪਿੱਛੇ ਛਿਪੇ ਇਲਾਹੀ ਅੰਮ੍ਰਿਤ ਅਥਵਾ 'ਨਾਮ' ਤੋਂ ਵਾਂਝੇ ਜਾ ਰਹੇ ਹਾਂ। ਇਹੀ ਕਾਰਣ ਹੈ ਕਿ ਅਸੀ ਬੁੱਧੀ ਮੰਡਲ ਵਿਚ ਮਾਇਕੀ ਰੰਗਣ ਨਾਲ ਲਥ-ਪਥ ਹੋਏ, ਗੁਰਬਾਣੀ ਦੇ 'ਅਨੁਭਵੀ ਪ੍ਰਕਾਸ਼', 'ਨਾਮ', 'ਸ਼ਬਦ' ਤੋਂ ਕੋਰੇ, ਅਣਜਾਣ, ਅਵੇਸਲੇ ਅਤੇ ਬੇਪ੍ਰਵਾਹ ਹੋ ਕੇ ਆਪਣਾ ਜੀਵਨ ਅਜਾਈਂ ਗਵਾ ਰਹੇ ਹਾਂ।

ਇਸੇ ਤਰ੍ਹਾਂ ਸਾਡਾ ਧਾਰਮਿਕ ਪ੍ਰਚਾਰ ਵੀ ਸਿਰਫ ਬੁੱਧੀ ਮੰਡਲ ਤੀਕ ਸੀਮਤ ਹੈ। ਉਹ ਵੀ ਅਧੂਰਾ, ਥੋਥਾ, ਫੋਕਾ, ਰੁੱਖਾ-ਸੁੱਖਾ ਹੈ, ਜੋ ਜਗਿਆਸੂਆਂ ਦੇ ਆਤਮਿਕ ਵਲਵਲਿਆਂ ਨੂੰ ਟੁੰਬਣ ਤੋਂ ਅਸਮਰਥ ਹੈ।

ਪਰਦੇਸਾਂ ਵਿਚ ਵੇਖਿਆ ਗਿਆ ਹੈ ਕਿ ਦੂਸਰੇ ਮਤਾਂ ਵਾਲੇ ਆਪਣੇ ਮਤਾਂ ਦਾ ਪ੍ਰਚਾਰ ਬਹੁਤ ਵੱਡੇ ਪੈਮਾਨੇ ਤੇ ਪੂਰਨ ਸੰਗਠਨ, ਸਿਆਣਪ ਅਤੇ ਮਿਹਨਤ ਨਾਲ ਕਰਦੇ ਹਨ।

ਉਹ ਸੁਹਣੇ, ਨਿੱਕੇ-ਨਿੱਕੇ, ਅਣਗਿਣਤ ਪੱਤਰ ਜਾਂ ਕਿਤਾਬਚੇ (Pamphlets and Booklets) ਘਰ-ਘਰ ਜਾ ਕੇ ਜਾਂ ਸਾਂਝੇ ਅਸਥਾਨਾਂ (Public Places) ਵਿਚ ਵੰਡਦੇ ਹਨ। ਰੇਡੀਓ, ਟੀ.ਵੀ. ਤੇ ਵੀਡੀਓ ਦਾ ਲੋਕਾਂ ਤਾਈਂ ਧਰਮ ਸੰਦੇਸ਼ ਪਹੁੰਚਾਉਣ ਲਈ ਵੱਧ ਤੋਂ ਵੱਧ ਪ੍ਰਯੋਗ ਕਰਦੇ ਹਨ। ਈਸਾਈਆਂ ਨੇ ਆਪਣੇ ਗ੍ਰੰਥ ਬਾਈਬਲ ਅਤੇ ਹੋਰ ਧਾਰਮਿਕ ਲਿਖਤਾਂ ਦਾ ਪੰਤਾਲੀ ਤੋਂ ਵੱਧ ਬੋਲੀਆਂ ਵਿਚ ਉਲੱਥਾ ਕਰ ਕੇ ਵੰਡਿਆ ਹੈ। ਉਨ੍ਹਾਂ ਦੇ ਮੁਕਾਬਲੇ ਤੇ ਸਾਡੇ ਪ੍ਰਚਾਰ ਦਾ ਉੱਦਮ ਬਹੁਤ ਘਟ ਹੈ। ਇਹ ਪ੍ਰਚਾਰ ਵੀ ਕਿਸੇ ਕੇਂਦਰੀ ਮਜਬੂਤ ਸੰਗਠਨ ਤੋਂ ਬਗੈਰ ਹੋ ਰਿਹਾ ਹੈ। ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਵੀ ਬੇ-ਦਿਲੀ, ਬੇਪ੍ਰਵਾਹੀ ਵਿਚ, ਦਿਲਚਸਪੀ ਤੇ ਲਗਨ ਤੋਂ ਬਗੈਰ, ਸਿਰਫ ਲੋਕ ਦਿਖਾਵਾ ਜਾਂ ਲੋਕ ਪ੍ਰਚਾਵੇ ਲਈ ਹੀ ਹੈ।

ਅਸੀਂ ਧਾਰਮਿਕ ਪ੍ਰਚਾਰ ਲਗਨ ਨਾਲ ਨਹੀਂ ਕਰਦੇ, ਕਿਉਂਕਿ ਸਾਡੀ ਬੁੱਧੀ, ਬਿਰਤੀ ਤੇ ਰੁਚੀ ਹੋਰ ਬੇਲੋੜੇ ਖਲਜਗਨਾ ਵਿਚ ਖਚਤ ਹੈ। ਸਾਡੇ ਅੰਦਰ ਗੁਰਬਾਣੀ ਦੀ 'ਆਤਮਿਕ ਰੌਸ਼ਨੀ' ਤੋਂ ਆਪ ਲਾਭ ਉਠਾਉਣ ਤੇ ਜਗ ਵਿਚ ਫੈਲਾਉਣ ਲਈ ਤੀਬਰ ਲਗਨ ਵਾਲਾ ਉਮਾਹ, ਚਾਉ ਜਾਂ ਜੋਸ਼ ਨਹੀਂ ਹੈ। ਸਾਨੂੰ ਦੂਜੇ ਮਤਾਂ ਤੇ ਪ੍ਰਚਾਰਕਾਂ ਤੋਂ ਸਬਕ ਸਿੱਖਣ ਦੀ ਲੋੜ ਹੈ।

ਅੱਜ ਕੱਲ ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਲਿਖੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪ੍ਰਤੀਤ ਹੁੰਦਾ ਹੈ ਕਿ ਇਹ ਦਿਮਾਗੀ ਗਿਆਨ ਦੀਆਂ ਹੀ ਉਡਾਰੀਆਂ ਹਨ। ਇਨ੍ਹਾਂ ਵਿਚ ਆਤਮਾ ਨੂੰ ਟੁੰਬਣ ਵਾਲੀ ਕੋਈ ਇਲਾਹੀ ਕਿਰਨਾਂ ਦੀ 'ਝਲਕ' ਪ੍ਰਤੀਤ ਨਹੀਂ ਹੁੰਦੀ। ਪੜ੍ਹ-ਸੁਣ ਕੇ ਦਿਮਾਗੀ ਸ਼ੁਗਲ ਹੀ ਹੁੰਦਾ ਹੈ। ਆਪਣਾ ਅਸਲੀ ਆਤਮਿਕ ਅਨੁਭਵ ਨਾ ਹੋਣ ਕਾਰਣ ਦੂਜੀਆਂ ਆਤਮਾਵਾਂ ਨੂੰ 'ਟੁੰਬਣ' ਦੀ ਇਨ੍ਹਾਂ ਵਿਚ ਸ਼ਕਤੀ ਜਾਂ ਸਮਰਥਾ ਨਹੀਂ ਹੁੰਦੀ।

ਇਹੀ ਹਾਲ ਸਾਡੇ ਧਾਰਮਿਕ ਮਾਸਕ-ਪੱਤਰਾਂ, ਅਖਬਾਰਾਂ ਤੇ ਕਿਤਾਬਾਂ ਦਾ ਹੈ। ਜੋ ਕਿ ਸਾਡੇ ਠੁੱਲੇ ਮਾਇਕੀ ਮਨ ਦੀਆਂ ਨੀਵੀਆਂ ਰੁਚੀਆਂ ਨੂੰ ਹੀ ਟੁੰਬਦੀਆਂ ਹਨ। ਸਾਡੀਆਂ ਲਾਇਬ੍ਰੇਰੀਆਂ ਅਤੇ ਵਿਦਿਅਕ ਅਦਾਰਿਆਂ ਅਤੇ ਸਟੱਡੀ ਸਰਕਲਜ਼ ਦਾ ਵੀ ਇਹੋ ਹਾਲ ਹੈ। ਕਿਸੇ ਸਮੁੱਚੀ ਕੌਮ ਦੇ ਆਚਰਨ ਜਾਂ ਧਾਰਮਿਕ ਪੱਧਰ ਦੀ ਕਸਵੱਟੀ ਇਹ ਹੈ, ਕਿ ਉਸ ਕੌਮ ਵਿਚ ਕਿਸ ਪੱਧਰ ਦੀਆਂ ਲਿਖਤਾਂ ਦੀ ਗਾਹਕੀ (Demand) ਹੈ।

ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਧਾਰਮਿਕ ਕਰਮ-ਕਾਂਡ, ਰੁੱਖੇ-ਸੁੱਖੇ ਤੇ ਸਵਾਰਥੀ ਹੋ ਗਏ ਸਨ, ਜਿਨ੍ਹਾਂ ਵਿਚੋਂ ਨਾਮ ਦੀ 'ਜੀਵਨ-ਰੌ' ਉਕਾ ਹੀ ਉਡ ਚੁੱਕੀ ਸੀ। ਇਹ ਸਿਰਫ ਪਾਖੰਡ ਤੇ 'ਮੁਰਦਾ ਸਾਧਨ' ਹੀ ਬਣ ਕੇ ਰਹਿ ਗਏ ਸਨ, ਧਾਰਮਿਕ ਆਗੂਆਂ ਨੇ ਧਰਮ ਦੀ ਆੜ ਵਿਚ ਆਪਣੇ ਸਵਾਰਥ ਲਈ ਲੁੱਟ-ਖਸੁੱਟ ਤੇ ਆਪਾ-ਧਾਪੀ ਪਾਈ ਹੋਈ ਸੀ। ਜਦ 'ਧਰਮ ਦੇ ਠੇਕੇਦਾਰਾਂ' ਦੀ ਇਹੋ ਜਿਹੀ ਅਧੋਗਤੀ ਸੀ, ਤਾਂ ਆਮ ਜਨਤਾ ਦੀ ਧਾਰਮਿਕ ਅਵਸਥਾ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਲੋਕਾਈ ਦੀ ਇਸ ਤਰਸਯੋਗ ਹਾਲਤ ਤੇ ਰਹਿਮ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿਚ ਅਵਤਾਰ ਧਾਰਨਾ ਪਿਆ। ਉਸ ਸਮੇਂ ਵਿਚ ਪ੍ਰਚਲਤ ਫੋਕੇ ਕਰਮ-ਕਾਂਡਾਂ ਦਾ ਗੁਰਬਾਣੀ ਵਿਚ ਇਸ ਤਰ੍ਹਾਂ ਖੰਡਨ ਕੀਤਾ ਹੈ—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ (ਪੰ.- 642)
ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ॥ ਪੰਨਾ-495)

ਖਟੁ ਸਾਸਤ ਬਿਚਰਤ ਮੁਖਿ ਗਿਆਨਾ॥ ਪੂਜਾ ਤਿਲਕੁ ਤੀਰਥ ਇਸਨਾਨਾ।

ਨਿਵਲੀ ਕਰਮ ਆਸਨ ਚਉਰਾਸਹਿ ਇਨ ਮਹਿ ਸਾਂਤਿ ਨ ਆਵੈ ਜੀਉ॥
ਅਨਿਕ ਬਰਖ ਕੀਏ ਜਪ ਤਾਪਾ॥ ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ॥
ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥ (ਪੰਨਾ-98)

ਸੰਸਾਰ ਦੀ ਇਹੋ ਜਿਹੀ ਧਾਰਮਿਕ ਅਧੋਗਤੀ ਨੂੰ ਸੁਧਾਰਨ ਲਈ, ਲੋਕਾਈ ਨੂੰ ਸਹੀ 'ਆਤਮਿਕ ਸੇਧ' ਦੇ ਕੇ ਪ੍ਰਮਾਰਥ ਵਲ ਪ੍ਰੇਰਨ ਲਈ, ਗੁਰੂ ਸਾਹਿਬਾਂ ਨੇ ਦਸ ਜਾਮੇ ਧਾਰ ਕੇ, ਧਾਰਮਿਕ ਤੇ ਆਤਮਿਕ ਅਗਵਾਈ ਕੀਤੀ ਅਤੇ 'ਧੁਰ ਕੀ ਬਾਣੀ' ਬਖਸ਼ੀ। ਇਸ ਵਿਚ ਊਚਮ-ਊਚੇ, ਸੂਚਮ-ਸੂਚੇ, ਆਤਮਿਕ ਉਪਦੇਸ਼ਾਂ ਦੁਆਰਾ 'ਜੀਵਨ' ਨੂੰ ਸਫਲ ਕਰ ਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਕਰਣ ਦੀ ਜਾਂਚ ਸਿਖਾਈ।

ਸਾਡੇ ਆਪੇ ਦੀਆਂ ਤਿੰਨ ਤਹਿਆਂ ਹਨ — ਤਨ, ਮਨ ਤੇ ਧੁਰ ਅੰਦਰ 'ਆਤਮਾ'। ਜਦ ਤਾਈਂ ਸਾਡਾ ਤਨ, ਮਨ, ਭਰਮ-ਭੁਲਾਵੇ ਵਾਲੀ 'ਕੂੜੀ ਮਾਇਆ' ਅਤੇ ਤ੍ਰੈ-ਗੁਣਾਂ ਵਿਚ ਹਉਮੈ ਵੇੜ੍ਹੇ 'ਆਪੇ' ਵਿਚ ਵਿਚਰਦਾ ਹੈ, ਇਹ ਭਰਮ-ਭੂ ਲਾ 'ਆਪਾ' ਬਾਹਰ-ਮੁਖੀ ਹੋ ਕੇ ਕੂੜੀ ਮਾਇਆ ਦੇ ਅਨੇਕ ਰੰਗਾਂ ਦਾ ਅਸਰ ਲੈਂਦਾ ਰਹਿੰਦਾ ਹੈ। ਉਸੇ ਅਨੁਸਾਰ ਸੋਚਦਾ ਤੇ ਕਰਮ ਕਰਦਾ ਹੋਇਆ, 'ਜੋ ਮੈ ਕੀਆ ਸੋ ਮੈ ਪਾਇਆ', ਦੇ ਅਸੂਲ ਅਨੁਸਾਰ ਦੁਖ-ਸੁਖ ਭੋਗਦਾ ਹੈ। ਦੂਜੇ ਲਫਜਾਂ ਵਿਚ ਸਾਡਾ ਬਾਹਰ-ਮੁਖੀ 'ਹਉਂ ਵਾਲਾ ਆਪਾ' ਮਾਇਆ ਦੀ ਹਠੀਲੀ ਫੌਜ — ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਧੀਨ ਹੋ ਕੇ , ਇਨ੍ਹਾਂ ਦੀ ਰੰਗਤ ਲੈ ਕੇ, ਇਨ੍ਹਾਂ ਦੇ ਸੁਰ (intune) ਵਿਚ 'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹ' ਵਾਲਾ ਜੀਵਨ ਬਤੀਤ ਕਰਦਾ ਹੈ। ਇਸ ਤਰ੍ਹਾਂ ਇਹ ਜੀਵ ਆਪਣੇ ਕੇਂਦਰ, ਆਪਣੇ ਅਸਲੀ ਆਪੇ ਤੋਂ, ਆਪਣੀ ਅਗਿਆਨਤਾ ਦੁਆਰਾ ਟੁੱਟ ਕੇ, ਬੇ-ਸੁਰਾ ਹੋ ਕੇ ਅਕਾਲ ਪੁਰਖ ਦੀਆਂ ਉੱਚੀਆਂ-ਸੁੱਚੀਆਂ ਇਲਾਹੀ 'ਦਾਤਾਂ'-ਪ੍ਰੀਤ, ਪ੍ਰੇਮ, ਰਸ, ਚਾਉ ਤੋਂ ਵਾਂਝਾ ਰਹਿ ਜਾਂਦਾ ਹੈ।

ਇਸ ਤਰ੍ਹਾਂ ਸਾਰੀ ਦੁਨੀਆਂ 'ਹਉਮੈ ਵੇੜ੍ਹੇ' ਭਰਮ-ਭੁਲੇਖੇ ਵਿਚ ਰੁੜ੍ਹੀ ਜਾਂਦੀ ਹੈ। ਆਪਣੇ ਕੇਂਦਰ, 'ਆਤਮਾ' ਤੋਂ ਬੇਖਬਰ ਹੋ ਕੇ, ਮਾਇਆ ਦੀ 'ਸੁਰ' ਵਿਚ ਜੀਵਨ ਬਤੀਤ ਕਰਦੀ ਹੈ ਅਤੇ ਆਪਣੇ ਅਸਲੀ 'ਆਪੇ' ਨੂੰ ਭੁਲਾ ਕੇ ਉਸ ਦੇ ਸੁਖਦਾਈ ਹੁਕਮ ਤੋਂ ਬੇਸੁਰੀ ਹੋਈ ਹੋਈ ਹੈ। ਪਰ ਦੁਖਦਾਈ ਗੱਲ ਤਾਂ ਇਹ ਹੈ ਕਿ ਗੁਰਬਾਣੀ ਨੂੰ ਮੰਨਣ ਵਾਲਿਆਂ ਅਤੇ ਪ੍ਰਚਾਰ ਕਰਣ ਵਾਲਿਆਂ ਦਾ ਵੀ ਇਹੀ ਹਾਲ ਹੈ। ਉਨ੍ਹਾਂ ਦੀ ਕਹਿਣੀ-ਰਹਿਣੀ ਵਿਚ ਬਹੁਤ ਫਰਕ ਹੈ। ਸਾਰੀ ਗੁਰਬਾਣੀ ਤਾਂ ਸਾਨੂੰ ਮਾਇਆ ਦੀ ਗੁਲਾਮੀ ਤੋਂ ਕੱਢ ਕੇ, ਆਤਮਾ ਦੀ ਖੁੱਲ੍ਹੀ ਆਜ਼ਾਦੀ ਵਿਚ ਇਲਾਹੀ ਹੁਕਮ ਦੀ 'ਰਵਾਨਗੀ' ਨਾਲ 'ਸੁਰ' ਹੋਣ ਲਈ ਉਪਦੇਸ਼ ਦਿੰਦੀ ਹੈ। ਇਸ ਬਾਰੇ ਗੁਰਬਾਣੀ ਵਿਚ ਸਪਸ਼ਟ ਤੌਰ ਤੇ ਤਾੜਨਾ ਕੀਤੀ ਹੋਈ ਹੈ —

ਅਵਰਿ ਉਪਦੇਸੈ ਆਪਿ ਨ ਕਰੈ॥
ਆਵਤ ਜਾਵਤ ਜਨਮੈ ਮਰੈ॥ (ਪੰਨਾ-269)

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ॥ (ਪੰਨਾ-380)

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥ (ਪੰਨਾ-1369)

ਸਾਡੀ ਇਸ ਸਮੇਂ ਧਾਰਮਿਕ ਗਿਰਾਵਟ ਜਾਂ ਗਿਲਾਨੀ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ, ਸਾਡੀ ਕਹਿਣੀ ਤੇ ਰਹਿਣੀ ਵਿਚ ਬਹੁਤ ਵੱਡਾ ਪਾੜਾ ਹੈ। ਜਿਸ ਕਾਰਣ ਜਨਤਾ ਵਿਚ ਧਰਮ ਤੋਂ ਬੇਪ੍ਰਵਾਹੀ ਜਾਂ ਨਾਸਤਿਕਤਾ ਦਾ ਅਣਜਾਣੇ ਹੀ ਪ੍ਰਚਾਰ ਹੋ ਰਿਹਾ ਹੈ। ਜਿਸਦੇ ਜ਼ਿੰਮੇਵਾਰ ਅਸੀਂ 'ਆਸਤਿਕ-ਨਾਸਤਿਕ' ਹਾਂ, ਜਿਹੜੇ ਬਾਹਰੋਂ ਤਾਂ 'ਆਸਤਿਕ' ਨਜ਼ਰ ਆਉਂਦੇ ਹਨ, ਪਰ ਅੰਦਰੋਂ ਉਹ 'ਨਾਸਤਿਕ' ਹੀ ਹੁੰਦੇ ਹਨ। ਜਿਨ੍ਹਾਂ ਨੂੰ ਦੇਖ ਕੇ ਆਮ ਜਨਤਾ ਧਰਮ ਤੋਂ ਬੇਪ੍ਰਵਾਹ ਅਤੇ ਅਵੇਸਲੀ ਹੋਣ ਲੱਗ ਪਈ ਹੈ ਅਤੇ ਕਈ ਸ਼ਰਧਾਵਾਨ ਆਸਤਿਕ ਵੀ ਨਾਸਤਿਕਤਾ ਵੱਲ ਰੁੜ੍ਹੇ ਜਾ ਰਹੇ ਹਨ।

ਧਰਮ ਨੂੰ ਅਸੀਂ ਸਿਰਫ ਸਰੀਰਕ ਕਰਮ-ਕਾਂਡਾ ਤੇ ਦਿਮਾਗੀ ਗਿਆਨ ਦਾ ਸ਼ੁਗਲ ਬਣਾ ਛੱਡਿਆ ਹੈ ਅਤੇ ਧਰਮ ਦੇ ਕੇਂਦਰ ਆਤਮਾ ਤੋਂ ਅਗਿਆਨ, ਬੇਖਬਰ ਤੇ ਅਣਜਾਣ ਹੁੰਦੇ ਜਾਂਦੇ ਹਾਂ। ਭਾਵੇਂ ਸਾਰੀ ਗੁਰਬਾਣੀ ਸਾਨੂੰ ਸਾਡੇ ਅਸਲੇ ਪਰਮਾਤਮਾ ਵੱਲ ਪ੍ਰੇਰਦੀ ਹੈ। ਇਹ ਸਾਡੇ ਪਾਠ, ਕੀਰਤਨ, ਕਥਾ ਜਾਂ ਲੈਕਚਰ ਦਾ ਅਸਰ ਸਾਡੇ ਮਨ, ਬੁੱਧੀ ਅਤੇ ਵਲਵਲਿਆਂ ਤੋਂ ਹੇਠਾਂ ਨਹੀਂ ਉਤਰਦਾ। ਗੁਰ ਉਪਦੇਸ਼ਾਂ ਦੀ ਰੰਗਤ ਸਾਡੇ ਮਨ, ਤਨ, ਬੁੱਧੀ ਤੋਂ ਹੇਠਾਂ ਆਤਮਾ ਤਾਈਂ ਉਤਾਰਨ ਲਈ ਸਤਿਗੁਰ ਨੇ ਬਹੁਤ ਸੌਖੀ ਤੇ ਸਰਲ ਵਿਧੀ ਦੱਸੀ ਹੈ, ਉਹ ਹੈ, 'ਸਿਮਰਨ'।

'ਸਿਮਰਨ' ਹੀ ਐਸਾ ਇਕੋ-ਇਕ ਗੁਰਬਾਣੀ ਦਾ ਤਾਕੀਦੀ ਹੁਕਮ ਹੈ, ਜਿਸ ਨੂੰ ਸਿੱਖ ਜਗਤ ਨੇ ਜਾਣ-ਬੁੱਝ ਕੇ, ਅਵੇਸਲੇ ਤੇ ਮਚਲੇ ਹੋ ਕੇ ਚੰਗੀ ਤਰ੍ਹਾਂ ਵਿਸਾਰਿਆ ਹੋਇਆ ਹੈ। ਜਦ ਸਤਿਗੁਰ ਦਾ ਤਾਕੀਦੀ ਹੁਕਮ ਸਾਡੇ ਪ੍ਰਚਾਰਕ ਖੁਦ ਨਹੀਂ ਕਮਾਉਂਦੇ ਤਾਂ ਆਮ ਜਨਤਾ ਦਾ ਕੀ ਕਸੂਰ ਹੈ ?

ਪਹਿਲਾਂ ਸਾਨੂੰ ਹੇਠ ਲਿਖੀਆਂ ਗੱਲਾਂ ਚੰਗੀ ਤਰ੍ਹਾਂ ਦ੍ਰਿੜ੍ਹ ਕਰਨੀਆਂ ਪੈਣਗੀਆਂ—

1. ਅਸੀਂ ਸਰੀਰ, ਮਨ ਤੇ ਬੁੱਧੀ ਨਹੀਂ।

2. ਇਨ੍ਹਾਂ ਤੋਂ ਪਰੇ ਸਾਡਾ ਅਸਲੀ 'ਆਪਾ' 'ਆਤਮਾ' ਹੈ।

3. ਅਸੀਂ ਆਪਣੇ ਸਰੀਰ, ਹਉਮੈ ਵੇੜ੍ਹੇ ਮਨ ਤੇ ਬੁੱਧੀ ਨੂੰ ਮਾਇਕੀ ਗੁਲਾਮੀ ਵਿਚੋਂ ਕੱਢ ਕੇ, ਆਤਮਾ ਦੇ ਪ੍ਰਾਇਣ ਕਰਨਾ ਹੈ। ਇਸੇ ਤਰ੍ਹਾਂ ਉਸ ਦੇ ਹੁਕਮ ਵਿਚ ਸੁਰ ਰਹਿਣਾ ਹੈ।

4. ਇਹ ਅਤਿ ਕਠਿਨ ਖੇਲ ਹੈ, ਪਰ ਸਤਿਗੁਰੂ ਦੀ ਕ੍ਰਿਪਾ ਦੁਆਰਾ, 'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ' ਦੀ ਵਿਧੀ ਨਾਲ ਸੌਖੀ ਹੋ ਜਾਂਦੀ ਹੈ।

ਉਪਰਲੀ ਸਾਰੀ ਵਿਚਾਰ ਦਾ ਨਿਚੋੜ ਇਹ ਹੈ ਕਿ ਸਾਡੇ ਬਾਹਰ-ਮੁਖੀ ਕਰਮ-ਕਾਂਡ,

ਪਾਠ-ਪੂ ਜਾ ਤੇ ਧਾਰਮਿਕ ਪ੍ਰਚਾਰ ਦੇ ਉਦਮ ਤੇ ਸਾਧਨ ਸਾਰੇ ਹੀ 'ਹਉਮੈ ਦੀ ਦੁਨੀਆਂ' ਅਥਵਾ 'ਤ੍ਰੈ-ਗੁਣਾਂ' ਤੱਕ ਸੀਮਤ ਹਨ, ਤੇ ਅਸੀਂ ਏਸ ਓਪਰੇ ਤੇ ਅਧੂਰੇ (superfluous) ਕ੍ਰਿਆ-ਕਰਮ ਵਿਚ ਹੀ ਸੰਤੁਸ਼ਟ ਹਾਂ। ਸਿਰਫ ਸੰਤੁਸ਼ਟ ਹੀ ਨਹੀਂ 'ਬਲਕਿ ਹੰਕਾਰੇ ਫਿਰਦੇ ਹਾਂ ਅਤੇ 'ਭਲੇ-ਭਲੇਰੇ' ਬਣ ਕੇ ਹੋਰਨਾਂ ਨੂੰ ਨੀਵੀਂ ਨਜ਼ਰ ਨਾਲ ਦੇਖਦੇ ਹਾਂ। ਇਸ ਤਰ੍ਹਾਂ ਅਸੀਂ ਆਪਣੀ ਹਉਮੈ ਨੂੰ ਹੀ ਪੱਠੇ ਪਾ ਰਹੇ ਹਾਂ।

ਹਉ ਵਿਚਿ ਸਚਿਆਰੁ ਕੂੜਿਆਰੁ॥
ਹਉ ਵਿਚਿ ਪਾਪ ਪੁੰਨ ਵੀਚਾਰੁ॥ (ਪੰਨਾ-466)

ਚੰਗੀ ਤਰ੍ਹਾਂ ਸਮਝਣ ਤੇ ਦ੍ਰਿੜ੍ਹ ਕਰਨ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਸਾਡੇ ਪਾਠ, ਪੂਜਾ ਅਤੇ ਇਨ੍ਹਾਂ ਦੇ ਪ੍ਰਚਾਰ ਦੇ ਸਾਧਨ, ਗੁਰਬਾਣੀ ਦਾ ਅਨੁਭਵੀ ਪ੍ਰਕਾਸ਼—'ਨਾਮ', 'ਸ਼ਬਦ' ਨੂੰ ਬੁੱਝਣ, ਸੀਝਣ ਦੇ ਪਹਿਚਾਨਣ ਲਈ—

| | | |
|---|---|---|
| ਯਤਨ ਹਨ | — | ਨਤੀਜਾ ਨਹੀਂ |
| ਸਾਧਨ ਹਨ | — | ਪੂਰਨਤਾ ਨਹੀਂ |
| ਪੌੜੀਆਂ ਹਨ | — | ਸਿਖਰ ਨਹੀਂ |
| ਯਾਤਰਾ ਹੈ | — | ਮੰਜ਼ਿਲ ਨਹੀਂ |
| ਕਲਾਸਾਂ ਹਨ | — | ਡਿਗਰੀ ਨਹੀਂ |
| ਗਿਆਨ ਹੈ | — | ਪ੍ਰਕਾਸ਼ ਨਹੀਂ |
| ਕ੍ਰਿਆ ਹੈ | — | ਨਤੀਜਾ ਨਹੀਂ |
| ਫਲ ਹੈ | — | ਰਸ ਨਹੀਂ |
| ਫੁੱਲ ਹੈ | — | ਮਹਿਕ ਨਹੀਂ। |

ਤ੍ਰੈ ਗੁਣਾਂ ਵਿਚ ਰਹਿੰਦਿਆਂ ਹੋਇਆਂ ਅਸੀਂ 'ਧਰਮ' ਕਮਾਉਣਾ ਹੈ ਤੇ ਪ੍ਰਚਾਰ ਵੀ ਕਰਨਾ ਹੈ। ਪਰ ਏਸੇ ਨੂੰ 'ਪੂਰਨਤਾ', ਮੰਜ਼ਿਲ ਅਤੇ ਸਿਖਰ ਸਮਝ ਕੇ ਏਥੇ ਹੀ ਸੰਤੁਸ਼ਟ ਹੋ ਕੇ ਆਫਰੇ ਨਹੀਂ ਫਿਰਨਾ।

ਸਾਨੂੰ ਯਤਨ ਕਰਨ ਦਾ 'ਹੁਕਮ' ਹੈ, ਤੇ ਇਸ ਯਤਨ ਦਾ ਨਤੀਜਾ, ਫਲ ਅਤੇ ਪੂਰਨਤਾ ਦੀ ਬਖਸ਼ਿਸ਼ ਸਤਿਗੁਰੂ ਦੀ ਮਿਹਰ, ਗੁਰਪ੍ਰਸਾਦਿ ਅਨੁਸਾਰ ਹੁੰਦੀ ਹੈ।

ਜਿਹੋ-ਜਿਹੇ ਦੋ-ਦਿਲੇ, ਬੇ-ਰੁਖੇ, ਸ਼ਰਧਾਹੀਣ, ਅਧੂਰੇ, ਫੋਕੇ, ਰੁੱਖੇ-ਸੁੱਖੇ, ਮੁਰਦਾ ਸਾਧਨ ਅਸੀਂ ਵਰਤ ਰਹੇ ਹਾਂ, ਓਹੋ ਜਿਹੇ ਸਾਨੂੰ ਫਲ-ਨਤੀਜੇ ਮਿਲ ਰਹੇ ਹਨ ਅਤੇ ਓਹੋ ਜਿਹੀ ਸਾਡੀ ਸਰੀਰਕ, ਮਾਨਸਿਕ ਤੇ ਧਾਰਮਿਕ ਅਵਸਥਾ ਹੁੰਦੀ ਜਾ ਰਹੀ ਹੈ। ਜਿਸ ਦੀ ਝਲਕ ਜਾਂ ਰੰਗਤ ਸਾਡੇ ਜੀਵਨ ਦੇ ਹਰ ਪਹਿਲੂ ਤੇ ਸਮੁੱਚੀ ਕੌਮ ਦੇ ਸਦਾਚਾਰ ਤੇ ਧਾਰਮਿਕ ਅਵਸਥਾ ਵਿਚੋਂ ਪ੍ਰਤੱਖ ਉੱਘੜ ਕੇ ਸਾਹਮਣੇ ਆ ਰਹੀ ਹੈ।

ਪੁਰਾਣੇ ਜ਼ਮਾਨੇ ਦੇ ਇਤਿਹਾਸ ਵਿਚੋਂ ਪਤਾ ਲਗਦਾ ਹੈ, ਕਿ ਸਦੀਆਂ ਪਹਿਲਾਂ ਕਈ

ਧਰਮ ਤੇ ਸਦਾਚਾਰ (Religions and civilizations) ਭਿੰਨ-ਭਿੰਨ ਦੇਸਾਂ ਇਜ਼ੀਪਟ (Egypt), ਗ੍ਰੀਸ (Greece) ਈਰਾਨ, ਚੀਨ, ਤਿੱਬਤ ਅਤੇ ਭਾਰਤ ਵਿਚ ਪ੍ਰਗਟ ਹੋਏ ਤੇ ਜਦ ਤਾਈਂ ਉਨ੍ਹਾਂ ਵਿਚ ਆਤਮਿਕ ਰੌਸ਼ਨੀ ਦੀ 'ਝਲਕ' ਅਥਵਾ 'ਨਾਮ' ਜਾਂ ਇਲਾਹੀ ਜੀਵਨ ਰੌਂ (Divine current and light) ਵਗਦੀ ਰਹੀ, ਉਹ ਚੜ੍ਹਦੀਆਂ ਕਲਾਂ ਵਿਚ, ਪ੍ਰਫੁੱਲਤ ਹੁੰਦੇ ਰਹੇ। ਪਰ ਸਮਾਂ ਪਾ ਕੇ ਉਹਨਾਂ ਵਿਚੋਂ 'ਇਲਾਹੀ ਪ੍ਰਕਾਸ਼' ਤੇ 'ਜੀਵਨ ਰੌਂ' ਮੱਧਮ ਪੈ ਗਈ ਅਤੇ ਉਹ ਬਾਹਰਮੁਖੀ ਧਰਮ ਵੀ ਅਗਿਆਨਤਾ ਦੇ ਹਨੇਰੇ ਵਿਚ ਅਲੋਪ ਹੁੰਦੇ ਗਏ।

ਜੇ ਏਸੇ ਤਰ੍ਹਾਂ ਸਿੱਖ ਕੌਮ ਵੀ ਗੁਰਬਾਣੀ ਤੇ ਨਾਮ ਸਿਮਰਨ ਦੀ ਰੌਸ਼ਨੀ ਤੋਂ ਅਵੇਸਲੀ ਤੇ ਮਚਲੀ ਹੋ ਕੇ ਵਾਂਝੀ ਹੁੰਦੀ ਗਈ ਅਤੇ ਮਾਇਆ ਦੇ 'ਭਉਜਲ ਬਿਖਮ ਅਸਗਾਹੁ' ਵਲ ਰੁੜ੍ਹੀ ਗਈ, ਤਾਂ ਸਾਡਾ ਵੀ ਉਹੀ ਹਸ਼ਰ (ਹਾਲ) ਹੋਣ ਦਾ ਖਤਰਾ ਹੈ।

ਸੋ ਇਸ ਖਤਰੇ ਤੋਂ ਬਚਣ ਲਈ ਸਾਨੂੰ ਗੁਰਬਾਣੀ ਦੇ ਇਸ ਉਪਦੇਸ਼ ਨੂੰ ਕਮਾਉਣ ਦਾ ਜਤਨ ਕਰਨਾ ਚਾਹੀਦਾ ਹੈ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (ਪੰਨਾ-305)

◆◆◆

## ਭਾਗ-2

ਇਸ ਲੇਖ ਦੇ ਪਹਿਲੇ ਭਾਗ ਵਿਚ ਪ੍ਰਚਾਰ ਕਰਨ ਦੇ ਸਾਧਨਾਂ ਦੀ ਵਿਚਾਰ ਖੋਲ੍ਹ ਕੇ ਕੀਤੀ ਗਈ ਹੈ, ਪਰ ਇਹ ਸਾਧਨ 'ਤ੍ਰੈ-ਗੁਣਾਂ' ਵਿਚ ਸਰੀਰਕ, ਮਾਨਸਿਕ ਤੇ ਬੁੱਧੀ ਮੰਡਲ

ਤਾਂਈ ਹੀ ਸੀਮਤ ਹਨ। ਇਸ ਤੋਂ ਅੱਗੇ ਆਤਮਿਕ ਮੰਡਲਾਂ ਵਿਚ ਪ੍ਰਚਾਰ ਦੀ ਪ੍ਰਣਾਲੀ ਹੋਰਵੇਂ ਹੈ, ਜਿਸ ਦੀ ਬਾਬਤ ਇਸ ਦੂਜੇ ਭਾਗ ਵਿਚ ਵਿਚਾਰ ਕੀਤੀ ਜਾਂਦੀ ਹੈ।

ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਦ੍ਰਿਸ਼ਟਮਾਨ ਸੰਸਾਰ, ਇਲਾਹੀ ਹੁਕਮ ਯਾ 'ਕਵਾਉ' ਤੋਂ ਉਪਜਿਆ ਹੈ ਤੇ ਚਲ ਰਿਹਾ ਹੈ। ਜਿਸਦਾ ਮਤਲਬ ਇਹ ਹੈ ਕਿ ਖਿਆਲ ਜਾਂ ਚਿਤਵਨੀ ਹੀ ਮੁੱਢਲੀ ਸ਼ਕਤੀ (primal source) ਜਾਂ ਬੀਜ ਹੈ। ਖਿਆਲਾਂ ਦੇ ਤੀਬਰ, ਤੀਖਣ ਤੇ ਇਕਾਗਰ (concentrate) ਹੋਣ ਨਾਲ ਹੀ ਇਨ੍ਹਾਂ ਖਿਆਲਾਂ ਵਿਚ ਸ਼ਕਤੀ ਉਪਜਦੀ ਤੇ ਵੱਧਦੀ ਹੈ ਜਿਸ ਨੂੰ ਮਾਨਸਿਕ ਸ਼ਕਤੀ ਕਿਹਾ ਜਾਂਦਾ ਹੈ, ਇਸੇ ਤੀਬਰ ਮਾਨਸਿਕ ਸ਼ਕਤੀ ਨੂੰ ਹੀ ਹਿਪਨੋਟਿਜ਼ਮ (Hypnotism) ਯਾ ਮੈਸਮਰਿਜ਼ਮ (Mesmerism) ਭੀ ਕਹਿੰਦੇ ਹਨ।

ਕਿਸੇ ਦੀ 'ਮਾੜੀ ਨਜ਼ਰ' ਲਗਣੀ ਤਾਂ ਆਮ ਮੰਨੀ ਜਾਦੀ ਹੈ, ਇਹ ਭੀ ਤੀਬਰ ਸਾੜੇ (intense jealousy) ਦੀ ਸ਼ਕਤੀ ਦਾ ਹੀ ਪ੍ਰਗਟਾਵਾ ਹੈ। ਇਸੇ ਤਰ੍ਹਾਂ ਜਿਉਂ-ਜਿਉਂ ਸਾਡੀ ਬਿਰਤੀ ਕਿਸੇ ਨੁਕਤੇ ਤੇ ਇਕਾਗਰ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਸਾਡੇ ਮਨ ਦੀ ਸ਼ਕਤੀ ਤੀਖਣ ਹੁੰਦੀ ਜਾਂਦੀ ਹੈ। ਇਸੇ ਤਰ੍ਹਾਂ ਸਿਮਰਨ ਕਰਦਿਆਂ ਹੋਇਆਂ ਜਦ ਮਨ ਇਕਾਗਰ ਹੁੰਦਾ ਹੈ, ਤਾਂ ਮਨ ਦੀ ਸ਼ਕਤੀ ਇੰਨੀ ਵੱਧ ਜਾਂਦੀ ਹੈ, ਕਿ ਕੁਦਰਤ ਦੇ ਸਾਧਾਰਨ ਨਿਯਮਾਂ ਤੇ ਭਾਰੂ ਹੋ ਜਾਂਦੀ ਹੈ, ਤੇ ਇਸ ਸ਼ਕਤੀ ਦੁਆਰਾ 'ਵਰ-ਸਰਾਪ' ਜਾਂ 'ਵਾਕ-ਸਿੱਧੀ' ਦੇ ਅਚੰਭੇ ਦੇਖੇ ਜਾਂਦੇ ਹਨ।

ਜੇਕਰ 'ਨਜ਼ਰ ਲੱਗਣ' ਦੇ ਅਚੰਭੇ ਨੂੰ ਆਮ ਮੰਨਿਆ ਜਾਂਦਾ ਹੈ ਤਾਂ 'ਮਨ ਦੀ ਸ਼ਕਤੀ' ਦੁਆਰਾ 'ਵਰ', 'ਸਰਾਪ' ਅਤੇ ਰਿੱਧੀਆਂ-ਸਿੱਧੀਆਂ ਦਾ ਪ੍ਰਗਟਾਵਾ ਭੀ ਸਹੀ ਹੁੰਦਾ ਹੈ।

ਇਹ ਦਾਮਨਿਕ ਸ਼ਕਤੀ ਮਨ ਦੀ ਇਕਾਗਰਤਾ ਤੋਂ ਉਪਜਦੀ ਹੈ। ਜੇਕਰ ਇਹ ਮਾਨਸਿਕ ਸ਼ਕਤੀ ਕੁਦਰਤ ਤੇ ਉਪਰ ਹਾਵੀ ਹੋ ਕੇ ਕੁਦਰਤ ਦੇ ਨਿਯਮ ਬਦਲ ਸਕਦੀ ਹੈ, ਤਾਂ ਇਸ ਦਾ ਅਸਰ, ਦੂਜੇ ਕਮਜ਼ੋਰ 'ਮਨਾਂ' ਤੇ ਭੀ ਹੋਣਾ ਲਾਜ਼ਮੀ ਹੈ।

ਇਹ ਮਾਨਸਿਕ ਸ਼ਕਤੀ ਇਕਾਗਰਤਾ ਤੇ ਸਿਮਰਨ ਦੁਆਰਾ ਬੇਅੰਤ ਦਰਜੇ ਤਾਂਈ ਵਧਾਈ ਜਾ ਸਕਦੀ ਹੈ। ਇਹ ਮਾਨਸਿਕ ਸ਼ਕਤੀ ਦੂਜੇ ਮਨਾਂ ਨੂੰ ਕਾਇਲ ਕਰਨ ਜਾਂ ਬਦਲਣ ਜਾਂ ਪ੍ਰਚਾਰ ਕਰਨ ਲਈ ਬਹੁਤ ਹੀ ਸੌਖਾ, ਸਾਦਾ ਤੇ ਛੇਤੀ ਅਸਰ ਕਰਨ ਵਾਲਾ ਸਾਧਨ ਹੈ। ਇਸ ਤਰ੍ਹਾਂ ਜਦ ਅਸੀਂ ਕਿਸੇ ਦੀ ਸੰਗਤ ਕਰਦੇ ਹਾਂ, ਤਾਂ ਸਾਡੇ ਮਨਾਂ ਤੇ ਇਕ-ਦੂਸਰੇ ਦਾ ਅਸਰ ਪੈਣਾ ਜ਼ਰੂਰੀ ਹੈ। ਕਮਾਏ ਹੋਏ ਇਕਾਗਰ ਮਨ ਦਾ ਵਧੇਰੇ ਸ਼ਕਤੀਮਾਨ ਹੋਣ ਕਰਕੇ, ਦੂਜੇ ਕਮਜ਼ੋਰ ਮਨਾਂ ਤੇ ਅਸਰ ਹੋਣਾ ਅਵੱਸ਼ ਤੇ ਲਾਜ਼ਮੀ ਹੈ।

ਖਿਆਲਾਂ ਜਾਂ ਨਿਸਚਿਆਂ ਦੇ 'ਬਦਲ ਜਾਣ' ਦੀ ਤਬਦੀਲੀ ਹੇਠ ਲਿਖਿਆਂ ਅਸੂਲਾਂ ਤੇ ਨਿਰਭਰ ਹੈ—

1. ਪ੍ਰਚਾਰਕ ਦੇ ਨਿਸਚਿਆਂ ਜਾਂ ਸ਼ਰਧਾ ਦੀ ਦ੍ਰਿੜ੍ਹਤਾ
2. ਜਗਿਆਸੂ ਦੇ ਮਨ ਦੀ 'ਰੰਗਤ'

3. ਜਗਿਆਸੂ ਦੇ ਮਨ ਦੀ ਗ੍ਰਹਿਣ ਕਰਨ ਦੀ ਸ਼ਕਤੀ

4. ਪ੍ਰਚਾਰ ਦੇ ਸਾਧਨ ਦੀ ਪ੍ਰਣਾਲੀ।

ਪ੍ਰਚਾਰਕਾਂ ਦੇ ਪ੍ਰਚਾਰ ਦਾ ਅਸਰ ਉਨ੍ਹਾਂ ਦੀ 'ਰਹਿਣੀ-ਬਹਿਣੀ' ਤੇ ਜੀਵਨ ਤੇ ਨਿਰਭਰ ਹੈ। ਜੇਕਰ ਉਨ੍ਹਾਂ ਦਾ ਤਨ, ਮਨ, ਚਿਤ ਤੇ ਆਤਮਾ ਇਕ ਸੁਰ ਵਿਚ ਹੋਣ ਤਾਂ ਹੀ ਉਨ੍ਹਾਂ ਦੇ ਹਿਰਦੇ ਵਿਚ ਸ਼ਰਧਾ-ਭਾਵਨੀ ਤੇ ਦ੍ਰਿੜ੍ਹਤਾ ਆ ਸਕਦੀ ਹੈ ਤੇ ਉਨ੍ਹਾਂ ਦੀ ਕਹਿਣੀ-ਰਹਿਣੀ ਦਾ ਅਸਰ ਦੂਜਿਆਂ ਤੇ ਪੈਣਾ ਅਵੱਸ਼ ਹੈ।

ਪਰ ਸਾਡੀ ਤਾਂ 'ਮਨ ਹੋਰ-ਮੁਖ ਹੋਰ' ਵਾਲੀ ਦਸ਼ਾ ਹੋਣ ਕਰਕੇ ਸਾਡਾ ਬੋਲਿਆ, ਚਾਲਿਆ, ਸੁਣਾਇਆ ਬਿਰਥਾ ਜਾਂਦਾ ਹੈ ਤੇ ਥਾਂਇ ਨਹੀਂ ਪੈਂਦਾ। ਜੇਕਰ ਮਾੜਾ-ਮੋਟਾ ਅਸਰ ਪੈਂਦਾ ਹੈ, ਤਾਂ ਉਹ ਭੀ ਥੋੜੇ ਚਿਰ ਲਈ, ਓਪਰਾ ਜਿਹਾ ਹੀ ਹੁੰਦਾ ਹੈ ਤੇ ਸਰੋਤਿਆਂ ਦੇ ਡੂੰਘੇ ਨਿਸਚਿਆਂ (conceived ideas) ਨੂੰ ਬਦਲ ਨਹੀਂ ਸਕਦਾ। ਸਾਡਾ ਪ੍ਰਚਾਰ 'ਬੁੱਧੀ ਮੰਡਲ' ਵਿਚੋਂ ਹੀ ਉਪਜਿਆ ਹੋਣ ਕਰਕੇ ਉਸਦਾ ਅਸਰ ਭੀ ਬੁੱਧੀ ਮੰਡਲ ਤਾਂਈ ਹੀ ਸੀਮਤ ਰਹਿੰਦਾ ਹੈ, ਜੋ ਕਿ ਛਿਨ ਮਾਤਰ, ਓਪਰਾ ਜਿਹਾ ਹੁੰਦਾ ਹੈ ਤੇ ਸਾਡੇ ਡੂੰਘੇ ਮਨ, ਅੰਤਿਸ਼ਕਰਨ ਜਾਂ 'ਜੀਵਨ' ਨੂੰ ਨਹੀਂ ਛੋਂਹਦਾ।

ਮਾਨਸਿਕ ਵਿਗਿਆਨੀਆਂ (Psychologists) ਨੇ ਨਤੀਜਾ ਕੱਢਿਆ ਹੈ ਕਿ ਸਾਡਾ ਮਨ ਜੋ ਅਸਰ ਬਾਹਰੋਂ ਲੈਂਦਾ ਹੈ, ਉਸ ਵਿਚ 90% 'ਸ਼ਖਸੀ ਸੰਗਤ' ਦੀ ਛੋਹ (personal infection) ਦਾ ਅਸਰ ਹੁੰਦਾ ਹੈ ਤੇ ਬਾਕੀ ਸਿਰਫ 10% ਅਸਰ ਹੀ ਲਿਖਤੀ ਜਾਂ ਜ਼ਬਾਨੀ ਪ੍ਰਚਾਰ ਦਾ ਹੋ ਸਕਦਾ ਹੈ। ਇਸ ਦਾ ਜ਼ਾਹਰਾ ਸਬੂਤ ਇਹ ਹੈ ਕਿ ਅਸੀਂ ਪਾਠ-ਪੂਜਾ-ਲੈਕਚਰ-ਕਥਾ ਆਦਿ ਬਹੁਤ ਸੁਣਦੇ ਤੇ ਸੁਣਾਉਂਦੇ ਹਾਂ, ਤੇ ਬੇਅੰਤ ਧਾਰਮਿਕ ਕਿਤਾਬਾਂ ਪੜ੍ਹਦੇ ਹਾਂ, ਪਰ ਸਾਡੇ ਮਨਾਂ ਤੇ ਬਹੁਤ ਘੱਟ ਅਸਰ ਹੁੰਦਾ ਹੈ ਜਾਂ ਥੋੜੇ ਚਿਰ ਲਈ ਓਪਰਾ ਜਿਹਾ ਹੁੰਦਾ ਹੈ, ਤੇ ਇਤਨਾ ਪੜ੍ਹ ਸੁਣ ਕੇ ਭੀ ਸਾਡੇ ਜੀਵਨ ਵਿਚ ਕੋਈ ਖਾਸ ਤਬਦੀਲੀ ਨਹੀਂ ਆਉਂਦੀ।

ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥ (ਪੰਨਾ-655)

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥ (ਪੰਨਾ-650)

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ (ਪੰਨਾ 39)

ਰੇਡੀਓ ਸਟੇਸ਼ਨ ਤੋਂ ਕਿਸੇ ਖਾਸ ਮੀਟਰ ਤੇ ਆਵਾਜ਼ ਚਲਦੀ ਹੈ ਤੇ ਉਸੇ ਹੀ ਮੀਟਰ ਤੇ ਅਸੀਂ ਆਪਣੇ ਰੇਡੀਓ ਨੂੰ ਸੁਰ ਕਰਦੇ ਹਾਂ ਤਾਂ ਹੀ ਉਹ ਆਵਾਜ਼ ਸੁਣਾਈ ਦਿੰਦੀ ਹੈ। ਜੇਕਰ ਸਾਡਾ ਰੇਡੀਓ ਵਿਗੜਿਆ ਹੋਵੇ ਜਾਂ ਸੰਬੰਧ ਅਥਵਾ ਕੁਨੈਕਸ਼ਨ (connection) ਵਿਚ ਨੁਕਸ ਪੈ ਜਾਵੇ ਤਾਂ ਉਸੇ ਮੀਟਰ (wave length & cycles) ਤੇ ਹੁੰਦਿਆਂ ਭੀ ਸਾਡਾ ਰੇਡੀਓ ਨਹੀਂ ਬੋਲਦਾ ਜਾਂ ਆਵਾਜ਼ ਧੀਮੀ ਜਾਂ ਬੇਸੁਰੀ ਹੋਵੇਗੀ। ਜੇਕਰ ਇਸ ਆਵਾਜ਼ ਦੀ ਵੇਵ ਲੰਬਾਈ (wave length) ਦੀ ਸ਼ਕਤੀ ਤੀਬਰ ਹੋਵੇ ਤਾਂ ਉਹ ਪੁਲਾੜ ਨੂੰ ਚੀਰ

ਕੇ ਬਹੁਤ ਦੂਰ ਤੱਕ ਆਪਣਾ ਅਸਰ ਪਾਉਂਦੀ ਹੈ। ਇਹੀ ਵਿਗਿਆਨਕ ਅਸੂਲ ਸਾਡੇ ਖਿਆਲਾਂ ਜਾਂ ਮਨਾਂ ਤੇ ਕੰਮ ਕਰਦਾ ਹੈ। ਜਿਸ ਮੀਟਰ (wave length and cycle) ਤੇ ਸਾਡੇ ਅੰਦਰ ਖਿਆਲ ਕੰਮ ਕਰਦੇ ਹਨ ਉਸੇ ਮੀਟਰ ਤੇ ਕਿਸੇ ਦੂਜੇ ਮਨ ਤੇ ਉਸਦਾ ਅਸਰ ਹੁੰਦਾ ਹੈ। ਕਮਾਏ ਹੋਏ ਸ਼ਕਤੀਵਾਨ ਮਨ ਤੋਂ ਉਪਜੇ ਹੋਏ ਖਿਆਲ, ਕਮਜ਼ੋਰ ਮਨਾਂ ਤੇ ਸਹਿਜ-ਸੁਭਾ ਹੀ ਡੂੰਘਾ ਤੇ ਪੱਕਾ ਅਸਰ ਪਾਉਂਦੇ ਹਨ। ਕਈ ਵਾਰੀ ਵਾਯੂਮੰਡਲ ਖਰਾਬ (Atmospherical disturbance) ਹੋਣ ਕਰਕੇ ਰੇਡੀਓ ਦੀ ਆਵਾਜ਼ ਵਿਚ ਵਿਘਨ ਪੈ ਜਾਂਦਾ ਹੈ ਤੇ ਚੰਗੀ ਤਰ੍ਹਾਂ ਸਾਫ ਸੁਣਾਈ ਨਹੀਂ ਦਿੰਦਾ। ਇਸੇ ਤਰ੍ਹਾਂ ਜੇਕਰ ਸਾਡੇ ਮਨ ਵਿਚ ਖਿਆਲਾਂ ਦਾ ਘੜਮੱਸ ਪਿਆ ਹੋਵੇ ਤਾਂ ਭੀ ਦੂਜੇ ਦੇ ਦਾਮਨਿਕ ਖਿਆਲਾਂ ਦਾ ਅਸਰ ਵੀ ਘੱਟ ਜਾਂ ਗੰਧਲਾ ਹੋ ਸਕਦਾ ਹੈ।

ਜੇਕਰ ਲੋਹੇ ਨੂੰ ਜੰਗਾਲ ਲੱਗਿਆ ਹੋਵੇ ਤਾਂ ਉਸ ਉਤੇ ਚੁੰਬਕ (magnet) ਦਾ ਘੱਟ ਜਾਂ ਉੱਕਾ ਹੀ ਅਸਰ ਨਹੀਂ ਪੈਂਦਾ ਤੇ ਉਹ ਖਿੱਚਿਆ ਨਹੀਂ ਜਾਂਦਾ। ਇਸੇ ਤਰ੍ਹਾਂ ਜੇਕਰ ਲੋਹੇ ਨੂੰ ਕੋਈ ਪਾਣ (galvanization) ਹੋਈ ਹੋਵੇ, ਤਾਂ ਭੀ ਉਸ ਉਤੇ ਹੋਰ ਕੋਈ ਰੰਗ ਨਹੀਂ ਚੜ੍ਹ ਸਕਦਾ। ਅਸਥੂਲ ਚੀਜ਼ਾਂ ਦੇ ਅਸਰ ਲੈਣ ਦਾ ਇਹ ਅਸੂਲ ਖਿਆਲਾਂ ਤੇ ਹੋਰ ਭੀ ਸੂਖਮ ਤੇ ਡੂੰਘੇ ਤੌਰ ਤੇ ਵਰਤਦਾ ਹੈ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ (ਪੰਨਾ-651)

ਸਾਡੇ ਮਨਾਂ ਤੇ ਜਨਮਾਂ-ਜਨਮਾਂਤਰਾਂ ਤੋਂ ਮੈਲ ਜਾਂ ਜੰਗਾਲ ਦੀਆਂ ਤੈਹਾਂ ਚੜ੍ਹੀਆਂ ਹੋਈਆਂ ਹਨ, ਇਸ ਲਈ ਉਸ ਉਤੇ 'ਕੋਮਲ ਦੈਵੀ ਰੰਗ' ਚੜ੍ਹਨਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ।

ਸਾਡੇ ਮਨਾਂ ਤੇ ਪਿਛਲੇ ਜਨਮਾਂ ਦੇ ਸੰਸਕਾਰਾਂ ਦੇ ਗੂੜ੍ਹੇ ਰੰਗ ਤੋਂ ਇਲਾਵਾ ਇਸ ਜਨਮ ਵਿਚ ਵੀ ਤਰ੍ਹਾਂ-ਤਰ੍ਹਾਂ ਦੀ ਸੰਗਤ ਦੁਆਰਾ ਖਾਸ ਨਿਸਚਿਆਂ ਦੀ ਪਾਣ ਇੰਨੀ ਤੀਬਰ ਚੜ੍ਹੀ ਹੋਈ ਹੈ, ਕਿ ਅਸੀਂ ਹੋਰ ਕਿਸੇ ਨਵੇਂ ਖਿਆਲ ਦਾ ਅਸਰ ਲੈਣ ਤੋਂ ਅਸਮਰਥ ਹਾਂ ਜਾਂ ਤਿਆਰ ਹੀ ਨਹੀਂ ਹਾਂ।

ਇਸੇ ਤਰ੍ਹਾਂ ਕਈ ਵਾਰੀ ਅਸੀਂ ਪੁਰਾਣੇ ਦ੍ਰਿੜ੍ਹ ਨਿਸਚਿਆਂ ਦੀ ਕੈਦ ਵਿਚ (closed mind) ਹੁੰਦੇ ਹਾਂ ਤਾਂ ਇਸ 'ਖਿਆਲੀ ਕੋਠੜੀ' (mental cone) ਵਿਚ ਹੀ ਇਤਨੇ ਸੰਤੁਸ਼ਟ ਤੇ ਅਭਿਮਾਨੀ ਹੋ ਜਾਂਦੇ ਹਾਂ, ਕਿ ਹੋਰ ਕਿਸੇ ਦੀ ਕੋਈ ਚੰਗੀ ਜਾਂ ਲਾਭਦਾਇਕ ਗੱਲ ਸੁਣਨ ਲਈ ਭੀ ਤਿਆਰ ਨਹੀਂ ਹੁੰਦੇ, ਬਲਕਿ ਆਪਣੇ ਅਧੂਰੇ ਗੰਧਲੇ ਨਿਸਚਿਆਂ ਨੂੰ ਹੋਰਨਾਂ ਤੇ ਜ਼ਬਰਦਸਤੀ ਠੋਸਣਾ ਚਾਹੁੰਦੇ ਹਾਂ। ਇਸੇ ਕਰਕੇ ਸੰਸਾਰ ਵਿਚ ਧਰਮ ਦੇ ਨਾਉਂ ਤੇ ਇਤਨੇ ਵਾਦ-ਵਿਵਾਦ, ਤਅੱਸੁਬ, ਘਿਰਨਾ, ਝਗੜੇ, ਲੜਾਈਆਂ ਤੇ ਜ਼ੁਲਮ ਹੁੰਦੇ ਹਨ।

ਇਹ ਜਨਮਾਂ-ਜਨਮਾਂਤਰਾਂ ਦੀ ਮੈਲ ਜਾਂ ਪਾਣ, ਜਾਂ ਆਪੂੰ ਘੜੀ ਖਿਆਲੀ ਕੈਦ (mental cone) ਵਿਚੋਂ ਨਿਕਲਣ ਲਈ ਬਹੁਤ ਸਮਾਂ ਅਤੇ ਉੱਦਮ ਦੀ ਲੋੜ ਹੈ। ਉਹ ਵੀ ਜੇ ਸਾਨੂੰ ਆਪਣੀਆਂ ਊਣਤਾਈਆਂ ਦਾ ਅਹਿਸਾਸ ਹੋਵੇ ਤੇ ਇਨ੍ਹਾਂ ਨੂੰ ਤਿਆਗਣ ਦੀ ਚਾਹ ਹੋਵੇ। ਦ੍ਰਿੜ੍ਹ ਹੋਏ ਨਿਸਚਿਆਂ ਵਿਚ ਅਸੀਂ ਇਤਨੇ ਜ਼ਬਰਦਸਤ ਜਕੜੇ ਹੋਏ ਹਾਂ,

ਕਿ ਇਨ੍ਹਾਂ ਨੂੰ ਛੱਡਣ ਦੀ ਲੋੜ ਭੀ ਨਹੀਂ ਭਾਸਦੀ, ਉਪਰਾਲਾ ਤਾਂ ਕੀ ਕਰਨਾ ਹੈ। ਇਹੋ ਕਾਰਣ ਹੈ ਕਿ ਇਤਨੇ ਪਾਠ-ਪੂਜਾ ਅਤੇ ਕਰਮ-ਕਾਂਡ ਕਰਦਿਆਂ ਹੋਇਆਂ ਤੇ ਗਿਆਨ ਘੋਟਦਿਆਂ ਭੀ ਸਾਡੇ ਮਨ ਤੇ ਇਨ੍ਹਾਂ ਦਾ ਓਪਰਾ ਜਿਹਾ ਅਸਰ ਹੀ ਹੁੰਦਾ ਹੈ, ਜੋ ਕਿ ਛੇਤੀ ਹੀ ਉੱਡ-ਪੁੱਡ ਜਾਂਦਾ ਹੈ ਤੇ ਸਾਡੇ ਜੀਵਨ ਵਿਚ ਕੋਈ ਫਰਕ ਨਹੀਂ ਪੈਂਦਾ ਅਤੇ ਅਸੀਂ ਪੁਰਾਣੇ ਦ੍ਰਿੜ੍ਹ ਹੋਏ ਨਿਸਚਿਆਂ ਦੀ ਰੋੜ੍ਹ ਵਿਚ ਰੁੜ੍ਹੇ ਜਾਂਦੇ ਹਾਂ।

ਧਰਤੀ ਵਿਚ ਕੁਦਰਤੀ ਖਿੱਚ (gravity) ਹੈ, ਜਿਸ ਕਾਰਣ ਹਰ ਇਕ ਸ਼ੈ ਧਰਤੀ ਵੱਲ ਖਿੱਚਦੀ ਜਾ ਰਹੀ ਹੈ ਤੇ ਕਿਸੇ ਸ਼ੈ ਨੂੰ ਉਤਾਂਹ ਵੱਲ ਲੈ ਜਾਣ ਲਈ ਤਾਕਤ ਦੀ ਲੋੜ ਹੈ, ਜਿਸ ਨਾਲ ਪਹਿਲਾਂ ਧਰਤੀ ਦੀ ਖਿੱਚ ਨੂੰ ਬੇਕਾਰ (neutral) ਕੀਤਾ ਜਾਵੇ ਤੇ ਨਾਲ ਉਤਾਂਹ 'ਧੱਕਣ ਦੀ ਸ਼ਕਤੀ' (pushing force) ਭੀ ਹੋਵੇ। ਇਸੇ ਤਰ੍ਹਾਂ ਸਾਡੇ ਮਨ ਦੀ ਰੁਚੀ, ਮਾਇਆ ਦੀ ਆਕਰਖਣ ਸ਼ਕਤੀ ਦੁਆਰਾ ਹੇਠਾਂ ਨੂੰ ਸਹਿਜ-ਸੁਭਾਇ ਹੀ ਖਿਚੀਂਦੀ ਜਾ ਰਹੀ ਹੈ। ਇਸ ਲਈ ਮਨ ਆਪਣੀ ਰੰਗਤ ਅਨੁਸਾਰ ਨੀਵੇਂ ਮਾਇਕੀ ਅਸਰ ਤਾਂ ਛੇਤੀ ਗ੍ਰਹਿਣ ਕਰਦਾ ਹੈ, ਪਰ ਉੱਚੇ ਦੈਵੀ ਅਸਰ ਗ੍ਰਹਿਣ ਕਰਨ ਲਈ ਤੀਬਰ ਇੱਛਾ, ਉੱਦਮ, ਦ੍ਰਿੜ੍ਹਤਾ ਤੇ ਘਾਲਣਾ ਦੀ ਲੋੜ ਹੈ, ਜੋ ਕਿ ਦਾਮਨਿਕ ਉੱਚੀ ਸਾਧ ਸੰਗਤ ਦੀ ਪ੍ਰੇਰਨਾ ਅਤੇ ਸਹਾਇਤਾ ਤੋਂ ਬਿਨਾਂ ਆਪਣੇ ਆਪ ਹੋ ਹੀ ਨਹੀਂ ਸਕਦੀ।

ਜਿਸ ਤਰ੍ਹਾਂ ਮਿਕਨਾਤੀਸ (magnet) ਦੀ ਖਿੱਚ, ਲੋਹੇ ਦੀ ਗ੍ਰਹਿਣ ਸ਼ਕਤੀ ਤੇ ਨਿਰਭਰ ਹੈ। ਇਸੇ ਤਰ੍ਹਾਂ ਸਾਧ ਸੰਗਤ ਜਾਂ ਗੁਰਬਾਣੀ ਦਾ ਅਸਰ ਕਬੂਲ ਕਰਨਾ ਸਾਡੇ ਮਨ ਦੀ ਗ੍ਰਹਿਣ ਸ਼ਕਤੀ ਤੇ ਨਿਰਭਰ ਹੈ।

ਸਾਡੇ ਮਨ ਤੇ ਜਿੰਨੀ ਮਾਇਕੀ ਮੈਲ, ਜੰਗਾਲ ਅਥਵਾ ਦ੍ਰਿੜ੍ਹ ਹੋਏ ਗਲਤ ਨਿਸਚਿਆਂ ਦੀ 'ਪਾਣ' ਚੜ੍ਹੀ ਹੋਵੇਗੀ, ਉਤਨਾ ਹੀ ਅਸੀਂ ਦੈਵੀ ਗੁਣ ਜਾਂ ਆਤਮਿਕ ਰਸ ਗ੍ਰਹਿਣ ਕਰਨ ਤੋਂ ਅਸਮਰਥ ਹੋਵਾਂਗੇ ਤੇ ਜਿਉਂ-ਜਿਉਂ ਸਾਡਾ ਮਨ ਅਤੇ ਅੰਤਿਸ਼ਕਰਨ ਨਿਰਮਲ ਹੁੰਦਾ ਜਾਵੇਗਾ, ਉਸੇ ਤਰ੍ਹਾਂ 'ਸਾਧ ਸੰਗਤ' ਤੇ ਗੁਰਬਾਣੀ ਦਾ ਅਸਰ ਲੈਣ ਦੀ ਸ਼ਕਤੀ ਵੱਧਦੀ ਜਾਵੇਗੀ।

ਭੋਲੇ ਭਾਇ ਮਿਲੇ ਰਘੁਰਾਇਆ॥ (ਪੰਨਾ-324)

ਇਸੇ ਕਰਕੇ ਗੁਰਬਾਣੀ ਵਿਚ ਕੁਸੰਗਤ ਤੋਂ ਬਚਣ ਲਈ ਤਾਕੀਦ ਕੀਤੀ ਗਈ ਹੈ, ਤੇ ਬੁੱਧੀ ਦੀਆਂ ਉਕਤੀਆਂ-ਜੁਗਤੀਆਂ ਤੇ ਸਿਆਣਪਾਂ ਤੋਂ ਵਰਜਿਆ ਗਿਆ ਹੈ—

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥ (ਪੰਨਾ-281)

ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥ (ਪੰਨਾ-646)

ਸਾਡੇ ਧਾਰਮਿਕ ਪ੍ਰਚਾਰ ਦਾ ਮਤਲਬ ਇਹੋ ਹੈ ਕਿ ਜੀਵ 'ਮਾਇਆ ਨਾਗਨੀ' ਜਾਂ ਸ਼ੈਤਾਨ ਦੇ ਭਰਮ-ਭੁਲੇਖਿਆਂ ਤੋਂ ਬਚੇ ਤੇ ਦੈਵੀ ਗੁਣ ਗ੍ਰਹਿਣ ਕਰਕੇ ਪ੍ਰਮਾਤਮਾ ਦੀ ਸਮੀਪਤਾ ਹਾਸਿਲ ਕਰੇ। ਪਰ ਗਹੁ ਨਾਲ ਘੋਖਿਆ ਜਾਵੇ ਤਾਂ ਜ਼ਾਹਰ ਹੋਵੇਗਾ ਕਿ ਆਦਿ ਤੋਂ ਹੀ ਇਤਨੇ ਭਾਂਤ-ਭਾਂਤ ਦੇ ਪ੍ਰਚਾਰ ਦੇ ਬਾਵਜੂਦ ਖਲਕਤ ਅੱਗੇ ਨਾਲੋਂ ਭੀ ਮਾਇਆ ਦੇ ਭਰਮ-ਭੁਲਾਵਿਆਂ ਵਿਚ ਹੋਰ ਡੂੰਘੀ ਫਸਦੀ ਜਾ ਰਹੀ ਹੈ, ਤੇ ਦੁਨੀਆਂ ਵੈਰ-ਵਿਰੋਧ,

ਈਰਖਾ-ਦਵੈਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਲੜਾਈ, ਝਗੜੇ ਤੇ ਜ਼ੁਲਮ ਦੇ ਮਚਾਏ ਹੋਏ ਭਾਂਬੜ ਵਿਚ ਗਲਤਾਨ ਤੇ ਦੁਖੀ ਹੋ ਕੇ ਤ੍ਰਾਹ-ਤ੍ਰਾਹ ਕਰ ਰਹੀ ਹੈ।

ਪਰਮਾਤਮਾ ਨੇ 'ਕਵਾਉ' ਦੁਆਰਾ ਦੁਨੀਆਂ ਰਚ ਦਿਤੀ, ਤੇ ਇਸ ਵਿਚ ਆਪਣੀ ਜੋਤ ਪ੍ਰਵੇਸ਼ ਕਰਕੇ, ਆਪਣੇ 'ਅੰਸ਼ ਰੂਪ ਜੀਵਾਂ' ਦੇ ਪ੍ਰਚਾਵੇ ਤੇ ਜੀਵਨ-ਆਧਾਰ ਲਈ ਇਤਨਾ ਵਿਸ਼ਾਲ ਮਾਇਆ ਦਾ ਖੇਲ ਅਖਾੜਾ ਰਚ ਦਿਤਾ। ਮਾਇਆ ਦੇ ਭਰਮ-ਭੁਲਾਵੇ ਵਿਚ ਖੱਚਤ ਹੋਣ ਤੋਂ ਬਚਾਉਣ ਲਈ ਤੇ ਆਪਣੀ ਨਿੱਘੀ ਤੇ ਪਿਆਰੀ ਇਲਾਹੀ ਗੋਦ ਵੱਲ ਮੁੜ ਪ੍ਰੇਰਨ ਲਈ ਜੁਗਾਂ-ਜੁਗਾਂ ਤੋਂ ਗੁਰੂ, ਪੈਗੰਬਰ, ਸਾਧੂ, ਸੰਤ, ਗੁਰਮੁਖ ਪਿਆਰੇ, ਮਹਾਂ ਪੁਰਖ ਦੁਨੀਆਂ ਤੇ ਆਏ, ਜਿਨ੍ਹਾਂ ਨੇ ਦੈਵੀ ਗੁਣਾਂ ਦਾ ਪ੍ਰਚਾਰ ਕਰਨ ਲਈ ਵੱਖਰੇ-ਵੱਖਰੇ ਧਰਮ ਚਲਾਏ ਤੇ ਬਾਣੀਆਂ ਰਚ ਕੇ ਛੱਡ ਗਏ। ਪਰ ਅਸੀਂ ਉਨ੍ਹਾਂ ਦੇ ਪੈਰੋਕਾਰ ਆਪਣੀ ਹਉਂ ਦੇ ਅਧੀਨ, ਸਿਆਣਪ ਨਾਲ ਉਨ੍ਹਾਂ ਦੀਆਂ ਸ਼ੁਭ ਆਤਮਿਕ ਸਿਖਿਆਵਾਂ ਨੂੰ ਤੋੜ-ਮਰੋੜ ਕੇ ਆਪੋ-ਆਪਣੀ ਮਨ ਦੀ ਰੰਗਤ ਚਾੜ੍ਹ ਕੇ (misinterpret), ਇਕ ਪੱਖੀ ਜਾਂ ਅਧੂਰਾ ਪ੍ਰਚਾਰ ਕਰਦੇ ਰਹੇ। ਇਸਦਾ ਨਤੀਜਾ ਇਹ ਹੈ ਕਿ ਜਨਤਾ ਦੇ ਧਰਮ ਬਾਬਤ ਸ਼ੰਕੇ, ਭਰਮ-ਭੁਲੇਖੇ ਘਟਣ ਦੀ ਬਜਾਏ ਵਧਦੇ ਹੀ ਗਏ ਤੇ ਸਾਡੇ ਅੰਦਰ ਦੈਵੀ ਗੁਣਾਂ ਦੇ ਪ੍ਰਵੇਸ਼ ਹੋਣ ਦੀ ਥਾਂ ਈਰਖਾ, ਦਵੈਤ, ਤੁਅੱਸਬ, ਨਫਰਤ, ਵੈਰ-ਵਿਰੋਧ ਤੇ ਹੋਰ ਅਨੇਕਾਂ ਅਸੁਰੀ ਅਉਗੁਣ ਵੱਧਦੇ ਜਾ ਰਹੇ ਹਨ।

ਇਸ ਅਧੋਗਤੀ ਦੇ ਮੁੱਢ ਕਾਰਣ ਇਹ ਹਨ—

1. ਧਰਮ ਦੇ ਨਿਸਚਿਆਂ ਵਿਚ ਆਪਣੇ ਮਨ ਦੀ ਰੰਗਤ ਚਾੜ੍ਹ ਕੇ ਗਲਤ ਜਾਂ ਅਧੂਰਾ ਪ੍ਰਚਾਰ ਕਰਨਾ।

2. ਧਰਮ ਦੇ ਆਤਮਿਕ ਤੱਤ ਨੂੰ ਭੁਲਾ ਕੇ, ਸਿਰਫ ਬਾਹਰਲੀ ਸਰੀਰਕ ਕ੍ਰਿਆ ਅਤੇ ਕਰਮ-ਕਾਂਡ ਤਾਈਂ ਸੀਮਤ ਰਹਿਣਾ।

3. ਧਰਮ ਨੂੰ ਸਿਰਫ ਪ੍ਰਚਾਰ ਕਰਨ ਦਾ ਵਿਸ਼ਾ ਜਾਂ ਸ਼ੁਗਲ ਹੀ ਸਮਝਣਾ ਤੇ ਆਪਣੇ ਨਿਜੀ ਜੀਵਨ ਵਿਚ ਢਾਲਣ ਦੀ ਲੋੜ ਨਾ ਸਮਝਣੀ।

4. ਆਤਮਿਕ ਫਲ ਦਾਤੇ ਦੀ ਬਖਸ਼ਿਸ਼ ਜਾਂ ਗੁਰ ਪ੍ਰਸਾਦਿ ਤੋਂ ਬੇਖਬਰ ਜਾਂ ਸ਼ਰਧਾਹੀਣ ਹੋਣਾ।

ਉਪਰਲੀ ਸਾਰੀ ਵਿਚਾਰ ਧਰਮ ਸੰਬੰਧੀ ਮਾਨਸਿਕ ਅਤੇ ਦਿਮਾਗੀ 'ਕ੍ਰਿਆ' ਤਾਈਂ ਸੀਮਤ ਹੈ ਜੋ ਤ੍ਰੈ-ਗੁਣਾਂ ਦੇ ਦਾਇਰੇ ਅੰਦਰ 'ਮਾਇਕੀ ਮੰਡਲ' ਦੀ ਖੇਲ ਹੈ ਤੇ ਹਉਂ ਦੇ ਪਰਛਾਵੇਂ ਹੇਠ ਕਰਮ ਜਾਂ ਜਤਨ ਹਨ। ਤ੍ਰੈ-ਗੁਣਾਂ ਤੋਂ ਪਰੇ ਹਉਂ ਰਹਿਤ 'ਆਤਮਿਕ ਖੇਲ' ਹੋਰਵੇਂ ਹੈ।

ਸਿਮਰਨ ਵਾਲੇ ਕਮਾਏ ਹੋਏ ਮਨ ਦੀਆਂ ਤੀਖਣ ਸੂਖਮ ਕਿਰਣਾਂ ਦਾ ਇਕ-ਦੂਜੇ ਤੇ ਬਿਨ ਬੋਲੇ, ਅਣਜਾਣੇ, ਸਹਿਜ-ਸੁਭਾਇ, ਆਪ-ਮੁਹਾਰੇ ਅਸਰ ਹੋ ਜਾਂਦਾ ਹੈ। 'ਛੋਹ' (infection) ਜਿਸਦੀ ਬਾਬਤ ਦੋਹਾਂ ਧਿਰਾਂ ਨੂੰ ਪਤਾ ਨਹੀਂ ਲਗਦਾ, ਕਿ ਉਨ੍ਹਾਂ ਦੀ ਅੰਤ੍ਰ-ਆਤਮੇ 'ਲੇਵਾ-ਦੇਵੀ' (communion) ਜਾਂ ਵਣਜ ਕਦੋਂ ਤੇ ਕਿਸ ਤਰ੍ਹਾਂ ਹੋ ਗਿਆ।

ਉਹ ਸਿਰਫ ਇਹੋ ਮਹਿਸੂਸ ਕਰਦੇ ਹਨ, ਕਿ ਉਹਨਾਂ ਦੇ ਪਿਛਲੇ 'ਹਉਂ-ਵੇੜ੍ਹੇ' ਮਾਇਕੀ ਮਨ ਵਿਚ ਅਚਾਨਕ ਕੋਈ ਤਬਦੀਲੀ ਆਈ ਹੈ, ਤੇ ਉਹਨਾਂ ਦੇ ਜੀਵਨ ਵਿਚ ਕੋਈ—ਨਵੀਂ ਰੋਸ਼ਨੀ, ਨਵਾਂ ਅਨੁਭਵ, ਨਵਾਂ ਰੰਗ, ਨਵੀਂ ਖੁਸ਼ੀ, ਨਵਾਂ ਚਾਉ, ਨਵਾਂ ਹੁਲਾਸ, ਨਵੀਂ ਸ਼ਰਧਾ, ਨਵੀਂ ਭਾਵਨਾ, ਨਵਾਂ ਪ੍ਰਿਮ ਰਸ, ਨਵੀਂ ਮਸਤੀ, ਨਵੀਂ ਜੀਵਨ ਰੌਂ ਅਤੇ ਸ਼ਬਦ ਦੀ ਝੁਨਕਾਰ ਤਾਣੇ-ਪੇਟੇ, ਓਤ-ਪੋਤ ਵਿਚ ਧੱਸ-ਵੱਸ-ਰਸ ਕੇ ਪ੍ਰਵੇਸ਼ ਹੋ ਗਏ ਹਨ ਤੇ ਉਹਨਾਂ ਦਾ ਆਤਮਿਕ ਮੰਡਲ ਵਿਚ 'ਨਵਾਂ ਜਨਮ' ਹੋ ਜਾਂਦਾ ਹੈ। ਉਹ ਹੁਣ ਰੱਬੀ ਰੰਗ ਨਾਲ ਸਜਾਇਆ ਹੋਇਆ 'ਖਾਲਸਾ' ਬਣ ਜਾਂਦਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ (ਪੰ.-204)

ਸਾਧ ਕੈ ਸੰਗਿ ਨਹੀ ਕਛੁ ਘਾਲ॥
ਦਰਸਨੁ ਭੇਟਤ ਹੋਤ ਨਿਹਾਲ॥ (ਪੰਨਾ-272)

ਏਸੇ ਕਰਕੇ ਗੁਰਬਾਣੀ ਵਿਚ 'ਸਾਧ ਸੰਗਤ' ਅਥਵਾ 'ਸਤ ਸੰਗਤ' ਦੀ ਤਾਕੀਦੀ ਪ੍ਰੇਰਨਾ ਕੀਤੀ ਗਈ ਹੈ—

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ (ਪੰਨਾ-12)

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥ (ਪੰਨਾ-71)

ਸਾਧਸੰਗਤਿ ਨਿਹਚਉ ਹੈ ਤਰਣਾ॥ (ਪੰਨਾ-1071)

ਆਦਿ ਤੋਂ ਹੀ ਇਹ ਅਦ੍ਰਿਸ਼ਟ 'ਇਲਾਹੀ ਮਰਯਾਦਾ' ਚਲੀ ਆਈ ਹੈ, ਤੇ ਹੁਣ ਭੀ ਇਹੋ 'ਦੈਵੀ ਮਰਯਾਦਾ' ਗੁਪਤੋ-ਗੁਪਤੀ ਕੰਮ ਕਰ ਰਹੀ ਹੈ।

ਅਸਲ ਵਿਚ ਇਹ ਤ੍ਰੈ-ਗੁਣਾਂ ਦੇ 'ਮਾਨਸਿਕ ਮੰਡਲ' ਤੋਂ ਉਪਰ ਉੱਠ ਕੇ 'ਆਤਮਿਕ ਪ੍ਰਕਾਸ਼ ਮੰਡਲ' ਵਲ ਚੜ੍ਹਾਈ ਜਾਂ ਤਬਦੀਲੀ ਹੈ।

ਸਾਡਾ ਧਰਮ ਪ੍ਰਚਾਰ ਬੁੱਧੀ ਮੰਡਲ ਵਿਚੋਂ ਉਪਜਿਆ ਹੋਣ ਕਰਕੇ, ਸਰੋਤਿਆਂ ਦੇ ਬੁੱਧੀ ਮੰਡਲ ਤਾਂਈਂ ਹੀ ਕਾਰਗਰ ਹੋ ਸਕਦਾ ਹੈ, ਤੇ ਬੁੱਧੀ ਮੰਡਲ ਜਾਂ ਤ੍ਰੈ-ਗੁਣਾਂ ਦੇ ਦਾਇਰੇ ਤੋਂ ਉਪਰ ਨਹੀਂ ਲਿਜਾ ਸਕਦਾ, ਸਿਰਫ ਚੌਥੇ ਪਦ 'ਆਤਮਿਕ ਮੰਡਲ' ਦੀ ਟੋਹ ਜਾਂ ਸੇਧ ਹੀ ਦੇ ਸਕਦਾ ਹੈ।

ਤ੍ਰੈ ਗੁਣਾਂ ਤੋਂ ਉਪਰ ਉੱਠ ਕੇ ਚੌਥੇ ਪਦ ਜਾਂ 'ਆਤਮ ਪ੍ਰਕਾਸ਼ ਮੰਡਲ' ਵਿਚ ਦਾਖਲ ਹੋਣ ਲਈ ਬਾਹਰਮੁਖੀ, ਕਰਮਕਾਂਡੀ ਧਰਮ ਸਹਾਇਕ ਹੋ ਸਕਦੇ ਹਨ ਤੇ ਸੇਧ ਦਿੰਦੇ ਹਨ। ਇਹ ਸਫ਼ਰ ਤਾਂ ਹੈ ਪਰ ਮੰਜ਼ਿਲ ਨਹੀਂ।

'ਆਤਮ ਪ੍ਰਕਾਸ਼' ਜਾਂ 'ਨਾਮ ਮੰਡਲ' ਵਿਚ ਪ੍ਰਵੇਸ਼ ਹੋਣ ਲਈ 'ਅਨੁਭਵ ਪ੍ਰਕਾਸ਼' ਲਾਜ਼ਮੀ ਹੈ। ਇਹ 'ਅਨੁਭਵ ਪ੍ਰਕਾਸ਼' ਸਤਿਗੁਰ ਦੀ 'ਦਾਤ', 'ਛੋਹ', 'ਬਖਸ਼ਿਸ਼' ਅਤੇ 'ਗੁਰ

ਪ੍ਰਸਾਦਿ' ਹੈ। ਸਾਡੇ ਕਰਮ-ਕਾਂਡਾ ਦੇ ਆਸਰੇ ਜਾਂ 'ਜ਼ੋਰ' ਨਾਲ ਇਸਦੀ ਪ੍ਰਾਪਤੀ ਅਸੰਭਵ ਹੈ।

ਜੋਰੁ ਨ ਮੰਗਣਿ ਦੇਣਿ ਨ ਜੋਰੁ॥ (ਪੰਨਾ-7)

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥ (ਪੰਨਾ-156)

ਇਹ ਇਲਾਹੀ 'ਦਾਤ', 'ਛੋਹ' ਜਾਂ 'ਖਮੀਰ' ਲਗਾਤਾਰ ਸਾਧ ਸੰਗਤ ਤੇ ਅਤੁੱਟ ਸਿਮਰਨ ਦੀ ਕਮਾਈ ਦੁਆਰਾ 'ਗੁਰ ਪ੍ਰਸਾਦਿ' (Grace) ਦਾ ਫਲ ਹੈ। 'ਅੰਮ੍ਰਿਤ' ਛਕਾਉਣ ਦੀ ਮਰਯਾਦਾ ਏਸੇ 'ਖਮੀਰ' ਦੇ ਅਸੂਲ ਦੀ ਲਖਾਇਕ ਤੇ ਪ੍ਰਤੀਕ ਹੈ।

ਇਹੋ ਹੀ ਅਸਲੀ, ਦਾਮਨਿਕ, ਸਦੀਵੀ ਜੀਵਨ ਬਦਲਣ ਵਾਲਾ, ਇਲਾਹੀ 'ਧਰਮ ਪ੍ਰਚਾਰ' ਹੈ, ਜੋ ਧੁਰਾਂ ਤੋਂ ਇਲਾਹੀ 'ਹੁਕਮ' ਅਨੁਸਾਰ ਅਦ੍ਰਿਸ਼ਟ, ਚੁੱਪ-ਚੁਪੀਤੇ ਗੁਪਤ ਹੀ ਵਰਤ ਰਿਹਾ ਹੈ। ਜਦ ਕਿਸੇ ਅਭਿਲਾਖੀ ਜੀਵ ਤੇ ਸਤਿਗੁਰੂ ਦੀ 'ਨਦਰਿ ਕਰਮ' ਹੁੰਦੀ ਹੈ, ਤਾਂ ਉਸ ਦੇ ਸੂਖਮ ਦਿਲ ਦੇ ਕਿੰਗਰਿਆਂ ਨੂੰ ਜਾ ਟੁੰਬਦੀ ਹੈ, ਉਸਦੇ ਅੰਤ੍-ਆਤਮੇ ਆਪੇ ਹੀ ਸਹਿਜ- ਸੁਭਾਇ 'ਇਲਾਹੀ ਰਾਗ' ਦੀ ਧੁਨੀ ਛਿੜ ਪੈਂਦੀ ਹੈ, ਜਿਸ ਨੂੰ ਸੁਣ ਕੇ ਉਸਦਾ ਮਨ 'ਅਲਮਸਤ ਮਤਵਾਰਾ' ਹੋ ਕੇ ਕਹਿ ਉਠਦਾ ਹੈ—

ਅਬ ਮੋਹਿ ਜੀਵਨ ਪਦਵੀ ਪਾਈ॥ (ਪੰਨਾ-1000)

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥ (ਪੰਨਾ-1226)

(ਚਲਦਾ......)